
Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਅਕਤੂਬਰ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਗੁਰੂ ਲਾਧੋ ਰੇ ਦਿਵਸ 12-10-2025 ਦਿਨ ਐਤਵਾਰ ਨੂੰ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਜਾ ਰਿਹਾ ਹੈ।




ਗੁਰੂ ਲਾਧੋ ਰੇ ਗੁਰੂ ਲਾਧੋ ਰੇ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ . . .

# "ਗੁਰੂ ਲਾਧੋ ਰੇ"



ਬਾਬਾ ਮੱਖਣ ਸ਼ਾਹ ਲੁਬਾਣਾ ਜੀ ਗੁਰੂ ਘਰ ਦੇ ਅਨਿਨ ਸੇਵਕ ਅਤੇ ਸੱਚੇ ਸ਼ਰਧਾਲੂ ਸਨ। ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਬਾਬਾ ਬਕਾਲੇ ਵਿਖੇ ਪ੍ਰਗਟ ਕਰਨ ਦੀ ਸੇਵਾ ਦਾ ਮਾਣ ਬਾਬਾ ਮੱਖਣ ਸ਼ਾਹ ਜੀ ਨੂੰ ਮਿਲਿਆ। ਬਾਬਾ ਮੱਖਣ ਸ਼ਾਹ ਜੀ ਮੁੱਖ ਤੌਰ 'ਤੇ ਨਮਕ, ਮਸਾਲੇ, ਬੰਗਾਲੀ ਸਿਲਕ ਅਤੇ ਕਸ਼ਮੀਰੀ ਸ਼ਾਲ ਆਦਿ ਦਾ ਵਪਾਰ ਕਰਦੇ ਸਨ। 17ਵੀਂ ਸਦੀ ਦੇ ਦੂਸਰੇ ਅੱਧ ਵਿਚ ਸਭ ਤੋਂ ਵੱਡੇ ਸਿੱਖ ਵਪਾਰੀ ਮੱਖਣ ਸ਼ਾਹ ਲੁਬਾਣਾ ਅਤੇ ਲੱਖੀ ਸ਼ਾਹ ਵਣਜਾਰਾ ਸਨ। ਆਪ ਜੀ ਨੂੰ ਸੰਸਕ੍ਰਿਤ, ਪ੍ਰਸ਼ੀਅਨ, ਲੁਬਾਣਕੀ ਅਤੇ ਅਰੇਬਿਕ ਭਾਸ਼ਾਵਾਂ ਦਾ ਗਿਆਨ ਸੀ। ਬਾਬਾ ਮੱਖਣ ਸ਼ਾਹ ਜੀ ਲੁਬਾਣਾ ਗੁਰੂ ਘਰ ਦੇ ਸੇਵਕ ਵਜੋਂ ਗੁਰੂ ਜੀ ਦੇ ਓਟ ਆਸਰੇ ਵਿੱਚ ਵਿਸ਼ਵਾਸ ਰੱਖਦੇ ਸਨ ਅਤੇ ਮਨੋ ਨਮਸਤਿਕ ਹੋ ਕੇ ਵਪਾਰਕ ਸਫ਼ਰ ਤੇ ਨਿਕਲਦੇ ਸਨ। ਇੱਕ ਵਾਰ ਜਦੋਂ ਮਾਲ ਸਬਾਬ ਵੇਚ ਅਤੇ ਖਰੀਦ ਕੇ ਵਾਪਿਸ ਆ ਰਹੇ ਸਨ ਤਾਂ ਉਹਨਾਂ ਦਾ ਬੇੜਾ ਇੱਕ ਬਰੇਤੇ ਵਿਚ ਫਸ ਗਿਆ, ਜਦੋਂ ਚਾਰਾ ਜੋਈ ਕੋਈ ਕੰਮ ਨਾ ਆਈ ਤਾਂ ਗੁਰੂ ਦੇ ਚਰਨਾਂ ਵਿਚ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਗੁਰੂ ਜੀ ਕ੍ਰਿਪਾ ਕਰੋ ਤਾਂ ਜੋ ਬੇੜਾ ਪਾਰ ਹੋ ਜਾਵੇ ਤਾਂ ਮੈਂ 500 ਮੋਹਰਾਂ ਗੁਰੂ ਚਰਨਾਂ ਵਿਚ ਭੇਂਟ ਕਰਾਂਗਾ, ਗੁਰੂ ਮਿਹਰ ਹੋਈ ਅਤੇ ਬੇੜਾ ਪਾਰ ਹੋ ਗਿਆ। ਸ਼ੁਕਰਾਨਾ ਕਰਨ ਲਈ ਆਪਣੇ ਕਾਫ਼ਲੇ ਸਮੇਤ ਆਪਣੀ ਸੂਚਨਾ ਮੁਤਾਬਿਕ ਗੁਰੂ ਦਰਸ਼ਨ ਲਈ ਦਿੱਲੀ ਨੂੰ ਚੱਲ ਪਏ। ਦਿੱਲੀ ਪਹੁੰਚ ਕੇ ਡੇਰਾ ਲਾਉਣ ਉਪਰੰਤ ਗੁਰੂ ਸਾਹਿਬ ਬਾਰੇ ਪਤਾ ਚੱਲਿਆ ਕਿ ਗੁਰੂ ਹਰਕ੍ਰਿਸ਼ਨ ਸਾਹਿਬ ਜੋਤੀ ਜੋਤ ਸਮਾ ਗਏ ਹਨ ਅਤੇ ਫਰਮਾਨ ਕਰ ਗਏ ਹਨ "ਅਗਲੇ ਗੁਰੂ ਬਾਬਾ ਬਕਾਲੇ"। ਇਹ ਜਾਣਕਾਰੀ ਮਿਲਣ ਤੋਂ ਬਾਅਦ ਬਾਬਾ ਮੱਖਣ ਸ਼ਾਹ ਜੀ ਆਪਣੇ ਸਾਥੀਆਂ ਸਮੇਤ ਬਕਾਲੇ ਵੱਲ ਨੂੰ ਚੱਲ ਪਏ। ਬਕਾਲੇ ਪਹੁੰਚ ਕੇ ਪਤਾ ਚੱਲਿਆ ਕਿ ਇਥੇ 22 ਸਾਧ ਗੁਰੂ ਬਣੇ ਬੈਠੇ ਹਨ। ਬਾਬਾ ਜੀ ਨੇ ਵਿਉਂਤ ਨਾਲ ਸਾਰੇ ਬੈਠੇ ਸਾਧਾਂ ਨੂੰ ਪਰਖਣ ਲਈ 5-5 ਮੋਹਰਾਂ ਹਰੇਕ ਅੱਗੇ ਰੱਖ ਕੇ ਮੱਥਾ ਟੇਕਿਆ ਅਤੇ ਸਾਰੇ ਹੀ ਸਾਧਾਂ ਨੇ ਭੇਟਾ ਮੰਨਜ਼ੂਰ ਕੀਤੀ ਅਤੇ ਆਪਣੇ ਸੁਭਾਅ ਮੁਤਾਬਿਕ ਆਸ਼ੀਰਵਾਦ ਦਿੱਤਾ।

ਬਾਬਾ ਮੱਖਣ ਸ਼ਾਹ ਜੀ ਨੂੰ ਚਿੰਤਾ ਹੋਈ ਕਿ ਮੇਰੀ ਅਰਦਾਸ ਸੁਣਨ ਵਾਲੇ ਅਸਲੀ ਗੁਰੂ ਇਹਨਾਂ ਵਿਚ ਕੋਈ ਵੀ ਨਹੀਂ। ਪਿੰਡ ਵਾਲਿਆਂ ਦੇ ਪੁੱਛਣ ਤੋਂ ਬਾਅਦ ਪਤਾ ਚੱਲਿਆ ਕਿ ਗੁਰੂ ਪਰਿਵਾਰ ਵਿੱਚੋਂ ਇਕ ਹੋਰ ਹੈ ਜਿਸ ਦਾ ਨਾਮ 'ਤੇਗਾ' ਹੈ, ਜੋ ਸਾਰਾ ਸਮਾਂ ਭੋਰੇ ਵਿੱਚ ਭਗਤੀ ਕਰਦੇ ਹਨ ਅਤੇ ਕਿਸੇ ਨੂੰ ਮਿਲਦੇ ਨਹੀਂ।

ਮੱਖਣ ਸ਼ਾਹ ਜੀ ਹਿੰਮਤ ਕਰਕੇ ਤੇਗਾ ਜੀ ਦੇ ਘਰ ਪਹੁੰਚ ਕੇ ਬੇਬੇ ਨਾਨਕੀ ਨਾਲ ਵਾਰਤਾਲਾਪ ਕਰਨ ਅਤੇ ਇਜਾਜ਼ਤ ਮਿਲਣ ਤੋਂ ਬਾਅਦ 5 ਮੋਹਰਾਂ ਬਾਬਾ ਤੇਗਾ ਜੀ ਦੇ ਸਾਹਮਣੇ ਵੀ ਰੱਖ ਦਿੰਦੇ ਹਨ। ਸ਼ਾਂਤੀ ਦੇ ਪੁੰਜ ਗੁਰੂ ਤੇਗ ਬਹਾਦਰ ਜੀ ਮੁਸਕਰਾ ਕੇ ਬੋਲੇ ਸਿੱਖਾ ਅਰਦਾਸ ਤਾਂ 500 ਮੋਹਰਾਂ ਦੀ ਕੀਤੀ ਸੀ, ਰੱਖ 5 ਮੋਹਰਾਂ ਰਿਹਾ ਹੈ। ਇਹ ਸੁਣ ਕੇ ਮੱਖਣ ਸ਼ਾਹ ਜੀ ਗੱਦ-ਗੱਦ ਹੋ ਜਾਂਦੇ ਹਨ ਅਤੇ ਕੋਠੇ ਚੜ੍ਹ ਕੇ ਰੋਲਾ ਪਾ ਦੇਂਦੇ ਹਨ "ਗੁਰੂ ਲਾਧੋ ਰੇ !! ਸਾਚਾ ਗੁਰੂ ਲਾਧੋ ਰੇ !!" ਇਸ ਤਰ੍ਹਾਂ ਗੁਰੂ ਕ੍ਰਿਪਾ ਨਾਲ ਇਹ ਮਾਣ ਬਾਬਾ ਮੱਖਣ ਸ਼ਾਹ ਜੀ ਨੂੰ ਮਿਲਿਆ।

ਪਰ ਵਿਚਾਰਨ ਦੀ ਗੱਲ ਇਹ ਵੀ ਹੈ ਕਿ ਅੰਮ੍ਰਿਤਸਰ ਨੂੰ ਛੱਡ ਕੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਕੀਰਤਪੁਰ ਵਿਚ ਡੇਰਾ ਲਾਉਣ ਤੋਂ ਬਾਅਦ ਕੋਈ ਲੜਾਈ-ਭੜਾਈ ਨਹੀਂ ਵਾਪਰੀ। ਪਰ 22 ਮੰਜੀਆਂ ਜ਼ਰੂਰ ਮੂੰਹ ਜ਼ੋਰ ਤੇ ਲਾਲਚੀ ਹੁੰਦੀਆਂ ਗਈਆਂ। ਗੁਰੂ ਹਰਿਰਾਏ ਸਾਹਿਬ ਜੀ ਵੀ ਕੀਰਤਪੁਰ ਸਾਹਿਬ ਰਹੇ ਤੇ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਗੁਰੂ ਗੱਦੀ ਤੋਂ ਬਾਅਦ ਰਾਮ ਰਾਏ ਦੇ ਕਾਰਨਾਮਿਆਂ ਨੂੰ ਸੁਲਝਾਉਣ ਲਈ ਅਤੇ ਦਿੱਲੀ ਦੀ ਸੰਗਤ ਨੂੰ ਦਰਸ਼ਨ ਦੇਣ ਲਈ ਦਿੱਲੀ ਗਏ, ਉਥੇ ਹੀ ਜੋਤੀ ਜੋਤ ਸਮਾ ਗਏ। ਇਸ ਲਈ 22 ਮੰਜੀਆਂ ਨੇ ਗੁਰੂ ਗੱਦੀ ਤੇ ਕਬਜ਼ਾ ਕਰਨ ਲਈ ਜੋ ਪਾਖੰਡ ਲਾਲਸਾ ਵਿਖਾਈ ਉਸ ਨੂੰ ਰਾਹ ਤੇ ਲਿਆਉਣ ਲਈ ਗੁਰੂ ਘਰ ਦੇ ਸੇਵਕ ਬਾਬਾ ਮੱਖਣ ਸ਼ਾਹ ਹੀ ਸਮਰੱਥ ਸਨ। ਇਸੇ ਲਈ ਉਹ ਗੁਰੂ ਤੇਗ ਬਹਾਦਰ ਜੀ ਦੇ ਪ੍ਰਗਟ ਹੋਣ ਦੀ ਬਖਸ਼ਸ਼ ਤੋਂ ਬਾਅਦ ਉਹਨਾਂ ਨਾਲ ਹਰਿਮੰਦਰ ਸਾਹਿਬ, ਕੀਰਤਪੁਰ ਵੀ ਗਏ ਅਤੇ ਆਨੰਦਪੁਰ ਸਾਹਿਬ ਜੀ ਦੀ ਜ਼ਮੀਨ ਖਰੀਦਣ ਤੱਕ ਉਹਨਾਂ ਦੇ ਨਾਲ ਰਹੇ। ਗੁਰੂ ਤੇਗ ਬਹਾਦਰ ਜੀ ਦੇ ਆਨੰਦਪੁਰ ਸਾਹਿਬ ਦੀ ਸਥਾਪਨਾ ਤੋਂ ਬਾਅਦ ਉਹਨਾਂ ਤੋਂ ਇਜਾਜ਼ਤ ਲੈ ਕੇ ਉਹ ਤੇ ਉਹਨਾਂ ਦੇ ਵਪਾਰਿਕ ਸਾਥੀ ਕਿਥੇ ਗਏ ਇਸ ਬਾਰੇ ਕਿਸੇ ਨੂੰ ਪੁਖਤਾ ਜਾਣਕਾਰੀ ਨਹੀਂ। ਇਸ ਵਿਸ਼ੇ 'ਤੇ ਇਤਿਹਾਸਕ ਘੋਖ ਅਤੇ ਜਾਣਕਾਰੀ ਪ੍ਰਾਪਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਸਹੀ ਸੇਧ ਮਿਲ ਸਕੇ।

**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963




**Chief Editor**
Er. Bhagwan Singh Lubana
Dy C.E. (Retd.)
E-mail:bslubana187@gmail.com
M.: 98155-40240

**Editor**
S. Surinder Singh Ruby
ETO (Retd.)
E-mail:ruby.surinder57@gmail.com
M.: 98141-28181



## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥**
**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥**

**ਇਸ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 07-10-2025 (ਮੰਗਲਵਾਰ)**
**ਸੰਗਰਾਂਦ - 17-10-2025 (ਸ਼ੁੱਕਰਵਾਰ)**
**ਮੱਸਿਆ - 21-10-2025 (ਮੰਗਲਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 148 | ਅਕਤੂਬਰ - 2025



| | | |
|---|---|---|
| 1. | ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ | 4 |
| 2. | ਗੁਰੂ ਘਰ ਦਾ ਅਨਿਨ ਸ਼ਰਧਾਲੂ – ਬਾਬਾ ਮੱਖਣ ਸ਼ਾਹ ਲੁਬਾਣਾ | 6 |
| 3. | ਮੇਰੀ ਮੇਰੀ ਕਰਤੇ ਜਨਮੁ ਗਇਓ ॥ ਅੰਗ 479 | 9 |
| 4. | ਬਾਬਾ ਬੁੱਢਾ ਜੀ ਜਨਮ ਦਿਵਸ 'ਤੇ ਵਿਸ਼ੇਸ਼ | 12 |
| 5. | ਭਾਈ ਮੱਖਣ ਸ਼ਾਹ ਲੁਬਾਣਾ : ਇੱਕ ਵਿਲੱਖਣ ਸਖ਼ਸ਼ੀਅਤ | 14 |
| 6. | ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ...!!! | 18 |
| 7. | ਸਤੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 22 |
| 8. | ਸ੍ਰੀ ਅੰਮ੍ਰਿਤਸਰ ਵਿਖੇ ਬੰਦੀ ਛੋਡ ਦਿਵਸ ਤੇ ਦੀਪਮਾਲਾ ਦਾ ਇਤਿਹਾਸਕ... | 24 |
| 9. | ਜੀਵਨ ਵਿਕਾਸ – ਇਕ ਸੰਘਰਸ਼ | 27 |
| 10. | ਨਾਟਕ ਹੀ ਨਾਟਕ | 29 |
| 11. | ਗੁਰ ਸਾਗਰ ਦੇ ਸੁੱਚੇ ਮੋਤੀ | 30 |
| 12. | ਸਚੁ ਸੁਣਾਇਸੀ ਸੱਚ ਕੀ ਬੇਲਾ | 31 |
| 13. | ਸ਼ਹੀਦਾਨਿ–ਵਫ਼ਾ ਅਤੇ ਗੰਜਿ–ਸ਼ਹੀਦਾਂ | 33 |
| 14. | ਸਿਹਤ ਸੰਭਾਲ | 35 |
| 15. | ਕਾਵਿ–ਕਿਆਰੀ | 36 |
| 16. | The Earth | 38 |
| 17. | Matrimonial | 39 |
| 18. | ਦਾਨੀ ਸੱਜਣਾਂ ਦੀ ਸੂਚੀ | 40 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.) Sector 30-A, Chandigarh.**

Computer Designing - Walia Enterprises, M.: 98153-78692

### 8 ਅਕਤੂਬਰ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼

# ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ



ਸਿੱਖ ਧਰਮ ਦੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਸੇਵਾ, ਪ੍ਰੇਮਾ-ਭਗਤੀ ਤੇ ਸਦ ਗੁਣਾਂ ਨਾਲ ਭਰਪੂਰ ਹੈ। ਆਪ ਦਾ ਜੀਵਨ ਸਾਧਾਰਨ ਪਰਿਵਾਰ ਤੋਂ ਆਰੰਭ ਹੋਇਆ ਅਤੇ ਆਪ ਨਿਸ਼ਕਾਮ ਸੇਵਾ ਤੇ ਸੱਚੇ ਸਿਦਕ ਕਰਕੇ ਗੁਰਗੱਦੀ 'ਤੇ ਬਿਰਾਜਮਾਨ ਹੋਏ। ਆਪ ਜੀ ਨੇ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਿਤ ਕਰਨ ਲਈ ਅਨੇਕਾਂ ਕਾਰਜ ਕੀਤੇ। ਇਸ ਸਿੱਖੀ ਦੇ ਬੂਟੇ ਦੀ ਜੜ੍ਹ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਲਾਈ ਸੀ ਅਤੇ ਇਸ ਬੂਟੇ ਦੀ ਪ੍ਰਫੁੱਲਤਾ ਤੇ ਸਾਂਭ ਸੰਭਾਲ ਲਈ ਅੱਗੋਂ ਦਿਸ਼ਾ ਵੀ ਜੀਵਨ ਕਾਲ 'ਚ ਹੀ ਤੈਅ ਕਰ ਗਏ ਸਨ। ਇਸ ਤਰ੍ਹਾਂ ਸਿੱਖੀ ਜੀਵਨ ਜਾਚ ਸਿਖਾਉਣ, ਅੱਗੋਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਇਸ ਕਾਰਜ ਲਈ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਫਿਰ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਪ੍ਰਾਪਤ ਹੋਈ। ਸ੍ਰੀ ਗੁਰੂ ਰਾਮਦਾਸ ਜੀ ਨੇ ਚੌਥੇ ਗੁਰੂ ਦੇ ਰੂਪ ਵਿਚ ਗੁਰੂ-ਜੋਤ ਨੂੰ ਧਾਰਨ ਕੀਤਾ ਅਤੇ ਲੋਕਾਈ ਨੂੰ ਆਤਮਿਕ, ਧਾਰਮਿਕ ਅਤੇ ਸਮਾਜਿਕ ਤੌਰ 'ਤੇ ਰੌਸ਼ਨ ਕੀਤਾ, ਭਾਵ ਜੀਵਨ ਦੇ ਹਰ ਪੱਖ ਨੂੰ ਸਾਰਥਿਕ ਬਣਾਉਣ ਲਈ ਜੁਗਤਿ ਸਮਝਾਈ। ਗੁਰੂ ਸਾਹਿਬ ਜੀ ਦੀ ਵਡਿਆਈ ਨੂੰ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ ਪਾਵਨ ਗੁਰਬਾਣੀ ਅੰਦਰ ਬਿਆਨ ਕੀਤਾ ਹੈ।


**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਊਂਡੇਸ਼ਨ ਚੰਡੀਗੜ੍ਹ**
**98155-40240**




ਸ੍ਰੀ ਗੁਰੂ ਰਾਮਦਾਸ ਜੀ ਸੰਨ 1534 ਵਿਚ ਪਿਤਾ ਸ੍ਰੀ ਹਰਿਦਾਸ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਆਪ ਜੀ ਦੀ ਉਮਰ ਅਜੇ 2 ਸਾਲ ਹੀ ਸੀ ਕਿ ਆਪ ਜੀ ਦੀ ਮਾਤਾ ਜੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਆਪ ਜੀ ਦੇ ਪਿਤਾ ਨੇ ਬੜੇ ਪਿਆਰ ਨਾਲ ਇਨ੍ਹਾਂ ਦੀ ਪਾਲਣਾ ਕੀਤੀ। ਆਪ ਜੀ ਦੀ ਉਮਰ ਅਜੇ 7 ਸਾਲ ਹੀ ਹੋਈ ਸੀ ਕਿ ਪਿਤਾ ਜੀ ਵੀ ਅਕਾਲ ਪੁਰਖ ਦੇ ਚਰਨਾਂ ਵਿਚ ਜਾ ਬਿਰਾਜੇ। ਸਮੇਂ ਦੀ ਪਰੰਪਰਾ ਅਨੁਸਾਰ ਵੱਡੇ ਪੁੱਤਰ ਨੂੰ 'ਜੇਠਾ' ਕਿਹਾ ਜਾਂਦਾ ਸੀ, ਜਿਸ ਕਰਕੇ ਪ੍ਰਾਰੰਭਕ ਰੂਪ ਵਿਚ ਆਪ ਜੀ 'ਭਾਈ ਜੇਠਾ ਜੀ' ਦੇ ਨਾਂਅ ਨਾਲ ਜਾਣੇ ਜਾਂਦੇ ਰਹੇ। ਛੋਟੀ ਉਮਰ ਵਿਚ ਹੀ ਆਪ ਜੀ ਦੇ ਮਾਤਾ-ਪਿਤਾ ਦਾ ਸਿਰ ਤੋਂ ਸਾਇਆ ਉੱਠਣ ਕਰਕੇ ਪਰਿਵਾਰਕ ਨਿਰਬਾਹ ਲਈ ਆਪ ਨੂੰ ਘੁੰਗਣੀਆਂ ਵੇਚਣੀਆਂ ਪਈਆਂ। ਇਤਿਹਾਸ ਅਨੁਸਾਰ ਆਪ ਜੀ ਦੇ ਨਾਨੀ ਆਪ ਨੂੰ ਬਾਸਰਕੇ ਲੈ ਆਏ। ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਸਦਕਾ ਆਪ ਬਾਸਰਕੇ ਗਿੱਲਾਂ ਤੋਂ ਸ੍ਰੀ ਗੋਇੰਦਵਾਲ ਸਾਹਿਬ ਆ ਗਏ। ਆਪ ਦੀ ਨਿਮਰਤਾ, ਸੇਵਾ-ਸਿਮਰਨ, ਕਿਰਤ ਅਤੇ ਨੇਕ ਸੁਭਾਅ ਨੂੰ ਵੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਰਿਸ਼ਤਾ ਆਪ ਜੀ ਨਾਲ ਕਰ ਦਿੱਤਾ। ਗੁਰੂ-ਘਰ ਦਾ ਦਾਮਾਦ ਬਣ ਕੇ ਵੀ ਆਪ ਜੀ ਨੇ ਲੋਕ-ਲਾਜ ਦੀ ਪ੍ਰਵਾਹ ਨਾ ਕੀਤੀ ਅਤੇ ਦਿਨ-ਰਾਤ ਗੁਰੂ-ਘਰ ਦੀ ਸੇਵਾ ਵਿਚ ਤੱਤਪਰ ਰਹੇ। ਇਕ ਵਾਰ ਲਾਹੌਰ ਤੋਂ ਆਏ ਸ਼ਰੀਕੇ ਵਾਲਿਆਂ ਨੇ ਮਿਹਣਾ ਵੀ ਮਾਰਿਆ। ਸੰਖੇਪ ਵਿਚ ਵਾਕਿਆਤ ਇਸ ਤਰ੍ਹਾਂ ਹੈ ਕਿ ਆਪ ਸ੍ਰੀ ਗੁਰੂ ਅਮਰਦਾਸ ਜੀ ਦੀ ਰਹਿਨੁਮਾਈ ਹੇਠ ਬਾਉਲੀ ਦੀ ਕਾਰ ਵਿਚ ਤਨੋਂ-ਮਨੋਂ ਖੁੱਭੇ ਹੋਏ ਸਨ। ਲਾਹੌਰ ਤੋਂ ਕੁਝ ਸ਼ਰੀਕੇ ਵਾਲੇ ਸ੍ਰੀ ਗੋਇੰਦਵਾਲ ਸਾਹਿਬ ਆਏ। ਆਪ ਨੂੰ ਟੋਕਰੀ ਢੋਂਦੇ ਅਤੇ ਬਸਤਰ ਚਿੱਕੜ ਨਾਲ ਲਿਬੜੇ ਹੋਏ ਵੇਖ ਕੇ ਉਨ੍ਹਾਂ ਨੇ ਬੁਰਾ ਮਨਾਇਆ। ਜਦੋਂ ਗੱਲ ਸ੍ਰੀ ਗੁਰੂ ਅਮਰਦਾਸ ਜੀ ਪਾਸ ਪਹੁੰਚੀ ਤਾਂ ਪਾਤਸ਼ਾਹ ਬਖਸ਼ਿਸ਼ਾਂ ਦੇ ਘਰ ਵਿਚ ਆ ਗਏ। ਤੀਸਰੇ ਸਤਿਗੁਰੂ ਜੀ ਦੇ ਮੂੰਹੋਂ ਨਿਕਲਿਆ, ਇਹ ਚਿੱਕੜ ਨਹੀਂ ਵਡਿਆਈ ਦਾ ਕੇਸਰ ਤੇ ਗੁਲਾਲ ਹੈ। ਸਿਰ 'ਤੇ ਆਮ ਟੋਕਰੀ ਨਹੀਂ, ਸਗੋਂ ਪਾਤਸ਼ਾਹੀ ਛਤਰ ਝੂਲਣ ਦਾ ਨਿਸ਼ਾਨ ਹੈ।

'ਮਸੰਦ' ਪ੍ਰਣਾਲੀ ਦਾ ਆਰੰਭ ਵੀ ਆਪ ਦਾ ਇਕ ਅਹਿਮ ਫ਼ੈਸਲਾ ਸੀ। ਮਸੰਦਾਂ ਨੇ ਗੁਰੂ ਘਰ ਦੇ ਪ੍ਰਚਾਰ-ਪ੍ਰਸਾਰ ਲਈ ਅਹਿਮ ਭੂਮਿਕਾ ਨਿਭਾਈ। ਮਸੰਦ ਸਿੱਖੀ ਦੇ ਉਹ ਪ੍ਰਚਾਰਕ ਸਨ ਜੋ ਸੰਗਤਾਂ ਤੋਂ ਗੁਰੂ-ਘਰ ਲਈ ਭੇਟਾ ਇਕੱਠੀ ਕਰਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ ਸਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ

ਰਾਮਦਾਸ ਜੀ ਨੇ ਸਿੱਖੀ ਦੀਆਂ ਪਰੰਪਰਾਵਾਂ ਦੇ ਪਾਲਣ ਲਈ ਸੰਗਤਾਂ ਨੂੰ ਪ੍ਰੇਰਿਆ ਅਤੇ ਸਿੱਖੀ ਮਰਯਾਦਾ ਨੂੰ ਹੋਰ ਪੱਕਿਆਂ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਆਰੰਭ ਕੀਤੀ ਗਈ ਲੰਗਰ ਦੀ ਮਰਯਾਦਾ ਨੂੰ ਅੱਗੇ ਤੋਰਨ ਵਿਚ ਵੀ ਆਪ ਦਾ ਵਡਮੁੱਲਾ ਯੋਗਦਾਨ ਹੈ।



ਇਸ ਤਰ੍ਹਾਂ ਆਪ ਜੀ ਦੀ ਨਿਮਰਤਾ ਅਤੇ ਸਦਗੁਣਾਂ ਨੂੰ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ-ਗੱਦੀ ਦੀ ਜ਼ਿੰਮੇਵਾਰੀ ਆਪ ਨੂੰ ਸੌਂਪੀ ਦਿੱਤੀ। ਗੁਰਗੱਦੀ 'ਤੇ ਸੁਭਾਏਮਾਨ ਹੋਣ ਤੋਂ ਬਾਅਦ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਦੀ ਬੁਲੰਦੀ ਅਤੇ ਚੜ੍ਹਦੀ ਕਲਾ ਲਈ ਅਨੇਕਾਂ ਕਾਰਜ ਕੀਤੇ ਜਿਸ ਨਾਲ ਗੁਰੂ ਘਰ ਦੀ ਵਡਿਆਈ ਚੁਫੇਰੇ ਫੈਲੀ। ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਥਾਪਨਾ ਆਪ ਜੀ ਦਾ ਇਕ ਅਹਿਮ ਕਾਰਜ ਹੈ। ਸ੍ਰੀ ਗੁਰੂ ਰਾਮਦਾਸ ਜੀ ਤੀਸਰੇ ਪਾਤਸ਼ਾਹ ਜੀ ਦੇ ਹੁਕਮ ਨਾਲ ਇਥੇ ਆਏ ਅਤੇ ਸਰੋਵਰ ਦੀ ਖੁਦਵਾਈ ਆਰੰਭ ਕਰਵਾਈ। ਇਹ ਸਰੋਵਰ 'ਸੰਤੋਖਸਰ' ਦੇ ਨਾਂਅ ਨਾਲ ਪ੍ਰਸਿੱਧ ਹੋਇਆ। ਇਸੇ ਦੌਰਾਨ ਆਪ ਨੇ ਨਗਰ 'ਗੁਰੂ ਕਾ ਚੱਕ' ਵਸਾਇਆ, ਜੋ ਬਾਅਦ ਵਿਚ 'ਰਾਮਦਾਸਪੁਰ/ਚੱਕ ਰਾਮਦਾਸ' ਦੇ ਨਾਂਅ ਨਾਲ ਜਾਣਿਆ ਗਿਆ ਅਤੇ ਫਿਰ 'ਸ੍ਰੀ ਅੰਮ੍ਰਿਤਸਰ' ਵਜੋਂ ਮਸ਼ਹੂਰ ਹੋਇਆ। ਆਪ ਨੇ ਇਥੇ ਵੱਸਣ ਲਈ ਸੰਗਤਾਂ ਨੂੰ ਪ੍ਰੇਰਿਆ। ਇਸ ਨਗਰ ਨੂੰ ਆਬਾਦ ਕਰਨ ਲਈ ਆਪ ਨੇ ਵੱਖ-ਵੱਖ ਹੁਨਰਾਂ ਦੇ ਕਿਰਤੀਆਂ ਨੂੰ ਇਥੇ ਵਸਾਇਆ। ਇਤਿਹਾਸ ਅਨੁਸਾਰ ਇਹ ਵੱਖ-ਵੱਖ ਤਰ੍ਹਾਂ ਦੇ 52 ਕਿੱਤਿਆਂ ਨਾਲ ਸਬੰਧਿਤ ਲੋਕ ਸਨ। ਸ੍ਰੀ ਗੁਰੂ ਰਾਮਦਾਸ ਜੀ ਵਲੋਂ ਵਸਾਇਆ ਇਹ ਨਗਰ ਮਨੁੱਖੀ ਬਰਾਬਰੀ ਅਤੇ ਭਰਾਤਰੀ ਭਾਵ ਦੀ ਇਕ ਮਿਸਾਲ ਬਣਿਆ। ਆਪ ਨੇ ਇਥੇ ਵੱਖ-ਵੱਖ ਸ਼੍ਰੇਣੀਆਂ ਦੇ ਲੋਕ ਵਸਾਏ ਸਨ।

ਆਪ ਜੀ ਨੇ ਧੁਰ ਕੀ ਬਾਣੀ ਦਾ ਅਮੁੱਲ ਤੇ ਵੱਡਾ ਭੰਡਾਰ ਮਨੁੱਖਤਾ ਦੀ ਝੋਲੀ ਪਾਇਆ। ਗੁਰੂ ਪਾਤਸ਼ਾਹ ਦੀ ਬਾਣੀ ਮਨੁੱਖ ਮਾਤਰ ਲਈ ਸੁੱਖਾਂ ਦਾ ਖ਼ਜ਼ਾਨਾ ਤੇ ਆਤਮਿਕ ਅਨੰਦ ਪ੍ਰਦਾਨ ਕਰਨ ਵਾਲੀ ਹੈ। ਇਸ ਵਿਚ ਮਨੁੱਖ ਮਾਤਰ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਮੌਜੂਦ ਹੈ। ਇਹ ਸਾਡੀ ਅਧਿਆਤਮਿਕ ਤੇ ਸਮਾਜਿਕ ਅਗਵਾਈ ਕਰਦੀ ਹੋਈ ਚੰਗਾ ਜੀਵਨ ਜਿਊਣ ਲਈ ਮਾਰਗ-ਦਰਸ਼ਨ ਦਿੰਦੀ ਹੈ।

ਦੇਸ਼-ਵਿਦੇਸ਼ ਵਿਚ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਅਤੇ ਪਿਆਰ ਨਾਲ ਮਨਾਇਆ ਗਿਆ। ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਇਸ ਪਹਿਲੀ ਵਾਰ ਹੈ ਕਿ ਜਦੋਂ 12 ਇਤਿਹਾਸਕ ਦਰਵਾਜ਼ਿਆਂ ਦੁਆਲੇ ਇਸ ਨਗਰ ਕੀਰਤਨ ਨੇ ਪਰਿਕਰਮਾ ਕੀਤੀ। ਦੇਸ਼ ਵਿਦੇਸ਼ ਤੋਂ ਪਹੁੰਚੇ ਜਥਿਆਂ, ਸੁਸਾਇਟੀਆਂ, ਸਕੂਲਾਂ-ਕਾਲਜਾਂ ਦੇ ਵਿਦਿਆਰਥੀਆਂ ਅਤੇ ਯੂ.ਐਸ.ਏ. ਤੋਂ ਖਾਲਸਾਈ ਬਾਣੇ ਵਿਚ 150 ਸਿੰਘਾਂ ਦਾ ਜੱਥਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਇਆ। ਸ੍ਰੀ ਹਰਿਮੰਦਰ ਸਾਹਿਬ ਵਿਚ ਵੱਡੇ ਸੁੰਦਰ ਜਲੌਅ ਸਜਾਏ ਗਏ। ਸਾਰੇ ਗੁਰਦੁਆਰਾ ਕੰਪਲੈਕਸ ਨੂੰ ਬੜੇ ਵਧੀਆ ਢੰਗ ਨਾਲ ਫੁੱਲਾਂ ਨਾਲ ਸਜਾਇਆ ਗਿਆ ਸੀ ਅਤੇ ਦੀਪਮਾਲਾ ਹਰ ਇਕ ਦਾ ਮਨ ਮੋਹ ਰਹੀ ਸੀ। ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਨੇ ਇਸ ਅਲੌਕਿਕ ਦ੍ਰਿਸ਼ ਦਾ ਆਨੰਦ ਮਾਣਿਆ।

ਆਉ, ਆਪਾਂ ਸਾਰੇ ਗੁਰੂ ਸਾਹਿਬ ਦੇ ਮਹਾਨ ਜੀਵਨ ਨੂੰ ਯਾਦ ਕਰਦਿਆਂ ਆਪਣੇ ਅੰਦਰ ਨਿਮਰਤਾ, ਸੇਵਾ ਅਤੇ ਸਿਮਰਨ ਦੇ ਭਾਵ ਪੈਦਾ ਕਰਦੇ ਹੋਏ ਸਿੱਖ-ਪੰਥ ਦੇ ਸਿਧਾਂਤਾਂ ਨੂੰ ਵਿਵਹਾਰਕ ਜੀਵਨ ਦਾ ਹਿੱਸਾ ਬਣਾਈਏ।

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

ਗੁਰੂ ਲਾਧੋ ਰੇ ਦਿਵਸ ਤੇ ਵਿਸ਼ੇਸ਼

# ਗੁਰੂ ਘਰ ਦਾ ਅਨਿਨ ਸ਼ਰਧਾਲੂ - ਬਾਬਾ ਮੱਖਣ ਸ਼ਾਹ ਲੁਬਾਣਾ



ਸਿੱਖ ਧਰਮ ਦੇ ਇਤਿਹਾਸ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਦਾ ਨਾਮ ਧਰੂ ਤਾਰੇ ਵਾਂਗ ਚਮਕਦਾ ਹੈ। ਭਾਈ ਮੱਖਣ ਸ਼ਾਹ ਲੁਬਾਣਾ ਦਾ ਜਨਮ 1619 ਈ. ਵਿਚ ਪਿੰਡ ਮੋਟਾ ਟਾਂਡਾ ਪਰਗਣਾ ਮੁਜ਼ੱਫਰਾਬਾਦ ਕਸ਼ਮੀਰ ਵਿਚ ਹੋਇਆ ਸੀ। ਉਸ ਦੇ ਪਿਤਾ ਦਾ ਨਾਂ ਦਾਸੇ ਸ਼ਾਹ, ਦਾਦੇ ਦਾ ਨਾਂ ਅਰਥਾ ਅਤੇ ਪੜਦਾਦੇ ਦਾ ਨਾਂ ਬੰਨਾ ਸੀ। ਉਹਨਾਂ ਦੀ ਮਾਤਾ ਦਾ ਨਾਂ ਸਭਰਾਈ ਸੀ। ਪੁਰਾਤਨ ਸਮੇਂ ਤੋਂ ਬ੍ਰਿਟਿਸ਼ ਰਾਜ ਦੇ ਮੁੱਢਲੇ ਦਿਨਾਂ ਤੱਕ ਲੁਬਾਣਾ ਬਰਾਦਰੀ ਦਾ ਮੁੱਖ ਧੰਦਾ ਸਮਾਨ ਦੀ ਢੋਆ-ਢੁਆਈ ਸੀ। ਮੁੱਖ ਤੌਰ ਤੇ ਉਹ ਆਪਣੇ ਬਲਦਾਂ ਉੱਤੇ ਸਮਾਨ ਲੱਦ ਕੇ ਇਧਰ-ਉਧਰ ਦੂਰ-ਦੁਰਾਡੇ ਤੱਕ ਢੋਆ-ਢੁਆਈ ਦਾ ਕੰਮ ਕਰਦੇ ਸਨ। ਬਲਦਾਂ ਤੋਂ ਅੱਗੇ ਗੱਡਿਆਂ ਦੀਆਂ ਵਹੀਰਾਂ ਅਤੇ ਸਮਰੱਥਾ ਮੁਤਾਬਕ ਦਰਿਆਵਾਂ ਵਿਚ ਬੇੜਿਆਂ ਰਾਹੀਂ ਢੋਆ-ਢੁਆਈ ਦਾ ਧੰਦਾ ਕੀਤਾ ਜਾਂਦਾ ਸੀ। ਧਨਾਢ ਸਿੱਖ ਮੱਖਣ ਸ਼ਾਹ ਲੁਬਾਣਾ ਜੋ ਗੁਰੂ ਨਾਨਕ ਦੇ ਘਰ ਦਰਬਾਰ ਦਾ ਅਨਿਨ ਸ਼ਰਧਾਲੂ ਸੀ। ਖੁਦ ਇਕ ਵੱਡਾ ਧਨਾਢ ਵਪਾਰੀ ਵੀ ਸੀ। ਉਸ ਦਾ ਦਰਿਆਈ ਅਤੇ ਸਮੁੰਦਰੀ ਰਸਤੇ ਰਾਹੀਂ ਢੋਆ-ਢੁਆਈ ਦਾ ਵਪਾਰ ਵੀ ਸੀ।

ਇਕ ਵਾਰ ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ ਤੇਜ ਹਵਾਵਾਂ ਅਤੇ ਉੱਚੀਆਂ ਲਹਿਰਾਂ ਦੇ ਤੂਫ਼ਾਨ ਵਿਚ ਫਸ ਗਿਆ। ਜਹਾਜ਼ ਡੋਲੇ ਖਾਣ ਲੱਗਾ। ਸਿੱਖ ਦਾ ਬੇੜਾ ਸ਼ਰਧਾ ਤੇ ਵਿਸ਼ਵਾਸ ਨਾਲ ਪਾਰ ਹੁੰਦਾ ਹੈ। ਬਾਣੀ ਵਿਚ ਜ਼ਿਕਰ ਹੈ।

**"ਜੋ ਮਨ ਚਿਤ ਲਾਇ ਪੂਜੇ ਗੁਰੂ ਮੂਰਿਤ,**
**ਸੋ ਮੰਨ ਚਿੰਦੇ ਅਨੇਕ ਫਲ ਪਾਂਹੀ॥"**


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅ.ਫਸਰ**
(ਸੇਵਾ ਮੁਕਤ)
**ਸੰਪਾਦਕ**
98141-28181




ਮੱਖਣ ਸ਼ਾਹ ਦੇ ਗੁਰੂ ਨਾਨਕ ਜੀ ਦੇ ਦਰਬਾਰ ਦੀ ਗੁਰ ਗੱਦੀ ਦਾ ਧਿਆਨ ਰੱਖ ਕੇ ਸ਼ਰਧਾ ਨਾਲ ਅਰਦਾਸ ਕੀਤੀ ਕਿ ਹੇ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਆਪ ਜੀ ਮੇਰੇ ਜਨ ਮਾਲ ਦੀ ਰਾਖੀ ਕਰੋ, ਇਸ ਬਿਪਤਾ ਵਿਚੋਂ ਮੇਰੇ ਬੇੜੇ ਨੂੰ ਸੁੱਖੀ ਸਾਂਦੀ



ਬਾਹਰ ਕੱਢੋ, ਮੈਂ ਆਪ ਜੀ ਦੀ ਗੱਦੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਤਨ, ਮਨ ਅਤੇ ਧਨ ਨਾਲ ਨਤਮਸਤਕ ਹੋਵਾਗਾਂ। ਸਿੱਖ ਦੀ ਸ਼ਰਧਾ ਭਰੀ ਅਰਦਾਸ ਮਨਜ਼ੂਰ ਹੋਈ।

**ਗੁਰ ਪੂਰਾ ਜਿਨ ਸਿਮਰਿਆ, ਸੇਈ ਭਏ ਨਿਹਾਲਾ।**

ਬੇੜਾ ਸਹੀ ਸਲਾਮਤ ਬੰਨੇ ਲੱਗ ਪਿਆ। ਸਿੱਖ ਦੀ ਰਸਨਾ ਤੇ ਆਇਆ ਧੰਨ ਸਤਿਗੁਰੂ-"**ਤੂੰ ਕਰਤਾ ਤੂੰ ਕਰਣੈ ਯੋਗ॥**" ਧੰਨ ਮੇਰੇ ਪਾਤਸ਼ਾਹ ਸੇਵਕਾਂ ਦੇ ਸਦਾ ਸਹਾਈ, ਆਪ ਜੀ ਦਾ ਲੱਖ-ਲੱਖ ਸ਼ੁਕਰ ਹੈ।

ਸਿੱਖ ਦਾ ਜਹਾਜ਼ ਕਿਨਾਰੇ ਲੱਗਾ। ਪਹਿਲੀ ਫੁਰਸਤ ਹੀ ਕਿਨਾਰੇ ਲਗਾਉਣ ਵਾਲੇ ਗੁਰੂ ਦੇ ਦਰਸ਼ਨ ਕਰਨ ਅਤੇ ਸ਼ੁਕਰਾਨਾ ਕਰਨ ਲਈ ਪਰਿਵਾਰ ਅਤੇ ਸੇਵਕਾਂ ਸਮੇਤ ਨਿਕਲ ਤੁਰਿਆ। ਪਤਾ ਲੱਗਾ ਅੱਠਵੇਂ ਗੁਰੂ ਨਾਨਕ ਸਾਹਿਬ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਜੋਤੀ ਜੋਤ ਸਮਾ ਚੁੱਕੇ ਹਨ। ਅੰਤਮ ਸਮੇਂ ਪੰਜ ਪੈਸੇ ਤੇ ਨਾਰੀਅਲ ਰੱਖ ਕੇ 'ਬਾਬਾ ਬਕਾਲੇ' ਕਹਿ ਕੇ ਨਮਸ਼ਕਾਰ ਕਰਕੇ ਸੰਗਤਾਂ ਨੂੰ ਅਗਲਾ ਗੁਰੂ ਬਾਬੇ ਬਕਾਲੇ ਵਿਚ ਹੋਣ ਦਾ ਇਸ਼ਾਰਾ ਕਰ ਗਏ ਹਨ।

ਸਿੱਖ ਨੇ ਬਾਬਾ ਬਕਾਲਾ ਨਗਰ ਦਾ ਰਾਹ ਫੜਿਆ। ਬਕਾਲੇ ਪਹੁੰਚੇ ਕੇ ਮੱਖਣ ਸ਼ਾਹ ਨੇ ਸਾਰੇ ਡੇਰੇ ਸਮੇਤ ਨਗਰ ਦੇ ਬਾਹਰ ਖੁੱਲ੍ਹੀ ਜਗ੍ਹਾ ਤੇ ਤੰਬੂ-ਕਨਾਤਾਂ ਲਗਾ ਲਏ। ਰਾਤ ਵਿਸ਼ਰਾਮ ਕੀਤਾ। ਅਗਲੀ ਸਵੇਰ ਅੰਮ੍ਰਿਤ ਵੇਲੇ ਉੱਠੇ , ਇਸ਼ਨਾਨ ਪਾਠ ਕਰਕੇ ਅਰਦਾਸ ਕੀਤੀ ਅਤੇ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ, ਅੱਠਵੇਂ ਗੁਰੂ ਜੀ ਦੇ ਬਾਬਾ ਬਕਾਲੇ ਫੁਰਮਾਨ ਕਾਰਨ ਗੁਰੂ ਪਰਿਵਾਰਾਂ ਨਾਲ ਕਿਸੇ ਤਰ੍ਹਾਂ ਦਾ ਵੀ ਰਿਸ਼ਤਾ ਰੱਖਣ ਵਾਲੇ, ਖਾਸ ਤੌਰ ਤੇ ਸੋਢੀ ਪਰਿਵਾਰਾਂ ਵਿਚੋਂ 22 ਮਸੰਦ ਖੁਦ ਸੱਚਾ ਗੁਰੂ ਹੋਣ ਦਾ ਦਾਅਵਾ ਕਰਕੇ ਵੱਖ-ਵੱਖ ਹੱਟੀਆਂ (ਦੁਕਾਨਾਂ) ਖੋਲ੍ਹ ਕੇ ਬੈਠ ਗਏ ਹਨ, ਗਰੀਬ ਨਿਵਾਜ ਸੋਝੀ ਦਿਓ, ਮੈਂ ਕਿਵੇਂ ਲੱਭ ਸਕਾਂ ਆਪ ਜੀ ਨੂੰ। ਪ੍ਰਾਰਥਨਾ ਭਰੀ ਅਰਦਾਸ ਹੋਈ। ਮੱਥਾ ਟੇਕਿਆ, ਤਿਆਰੀ ਕਰਕੇ ਦਰਸ਼ਨਾਂ ਨੂੰ ਤੁਰ ਪਏ।

ਧੀਰ ਮੱਲ ਸਮੇਤ ਸਾਰੀਆਂ ਮੰਜੀਆਂ ਤੇ ਸਜੇ ਅਖੌਤੀ ਤੇ ਪਾਖੰਡੀ ਗੁਰੂਆਂ ਨੂੰ ਕਿਸੇ ਨੂੰ ਦੋ, ਕਿਸੇ ਨੂੰ ਪੰਜ ਮੋਹਰਾ ਰੱਖ ਕੇ ਮੱਥਾ ਟੇਕਿਆ। ਸਭ ਨੇ ਮੋਹਰਾ ਜੇਬ ਵਿਚ ਪਾਈਆਂ ਤੇ ਰੱਜ-ਰੱਜ ਕੇ ਅਸੀਸਾਂ ਦਿੱਤੀਆਂ। ਸਿੱਖ ਦਾ ਮਨ ਵਿਯੋਗ ਵਿਚ ਆ ਗਿਆ ਕਿ ਸੱਚੇ ਗੁਰੂ ਨੇ ਮੈਨੂੰ ਕਿਉਂ ਨਹੀਂ ਪਛਾਣਿਆ? ਕਿਉਂ ਨਹੀਂ ਜੋ ਮੈ ਸੁਖਿਆ ਸੀ ਮੇਰੇ ਪਾਸੋਂ ਮੰਗ ਲਿਆ, ਜੋ ਇੰਨੀ ਦੂਰੀ ਤੋਂ ਮੇਰੀ ਕੀਤੀ ਅਰਦਾਸ ਸੁਣ ਕੇ ਮੇਰਾ ਬੇੜਾ ਬੰਨੇ ਲਗਾ ਸਕਦਾ ਹੈ, ਉਹ ਮੇਰੇ ਆਏ ਤੋਂ ਆਪਣੀ ਅਮਾਨਤ ਮੰਗ ਕੇ ਮੈਨੂੰ ਸੇਵਕ ਨੂੰ ਖੁਸ਼ੀਆਂ ਨਾਲ ਭਰ ਕਿਉਂ ਨਹੀਂ ਰਿਹਾ? ਮੰਨ ਉਦਾਸ ਸੀ? ਇਕ ਸਥਾਈ ਰਾਹਗੀਰ ਨੂੰ ਪੁਛਿਆ ਕੋਈ ਹੋਰ ਵੀ ਹੈ ? ਜਵਾਬ ਮਿਲਿਆ ਇਕ ਮਸਤਾਨਾ ਜਿਹਾ ਸੋਢੀ ਹੋਰ ਵੀ ਹੈ, ਜੋ ਛੇਵੇਂ ਸਤਿਗੁਰੂ ਜੀ ਦਾ ਛੋਟਾ ਸਾਹਿਬਜ਼ਾਦਾ ਹੈ, ਉਸਦਾ ਨਾਮ ਤੇਗ਼ ਬਹਾਦਰ ਹੈ, ਲੋਕ ਤੇਗਾ ਕਮਲਾ ਵੀ ਕਹਿੰਦੇ ਹਨ। ਭੋਰੇ ਵਿਚ ਲੁਕਿਆ ਰਹਿੰਦਾ ਹੈ। ਰੱਬ ਦੇ ਨਾਮ ਵਿਚ ਮਸਤ ਹੈ। ਬਾਹਰੀ ਦੁਨੀਆਂ ਤੋਂ ਅਲਮਸਤ ਹੈ। ਸੁਣ ਕੇ ਮੱਖਣ ਸ਼ਾਹ ਦੇ ਚਿਹਰੇ ਤੇ ਖੇੜਾ ਆ ਗਿਆ। ਦਿਲ ਨੇ ਤਸੱਲੀ ਦਿੱਤੀ। ਆਤਮਾ ਨੇ ਆਖਿਆ ਤੇਰੀ ਮੁਰਾਦ ਪੂਰੀ ਹੋਣ ਵਾਲੀ ਹੈ। ਢਿੱਲ ਨਾ ਲਾ। ਅੱਠਵੇਂ ਪਾਤਸ਼ਾਹ ਨੇ ਕਿਹਾ ਸੀ'ਬਾਬਾ ਬਕਾਲੇ' ਜੋ ਇਹ ਛੇਵੇਂ ਪਾਤਸ਼ਾਹ ਦਾ ਸਾਹਿਬਜ਼ਾਦਾ ਹੈ ਤਾਂ ਫਿਰ ਰਿਸ਼ਤੇ ਵਿਚ ਵੀ ਤਾਂ ਅੱਠਵੇਂ ਪਾਤਸ਼ਾਹ ਦਾ 'ਬਾਬਾ' ਹੀ ਲਗਾ। ਲੱਗਦੈ ਇਹੋ ਅਸਲੀ ਏ ਪਰ ਪਰਖ ਕਰ ਕੇ ਹੀ ਮੰਨਾਂਗੇ।

ਪਹੁੰਚ ਕੇ ਮਾਤਾ ਨਾਨਕੀ ਜੀ ਨੂੰ ਦਰਸ਼ਨ ਕਰਨ ਦੀ ਮਨਜ਼ੂਰੀ ਦੀ ਖਾਹਸ਼ ਜ਼ਾਹਿਰ ਕੀਤੀ। ਮਾਤਾ ਨੇ ਕਿਹਾ ਦੁਨਿਆਵੀ ਜੀਵਾਂ ਨੂੰ ਮਿਲਦੇ ਨਹੀਂ। ਜ਼ਿੱਦ ਕਰਨ ਤੇ ਮਾਤਾ ਨੇ ਅੰਦਰੋਂ ਮਨਜ਼ੂਰੀ ਲੈ ਦਿੱਤੀ। ਪਹੁੰਚ ਕੇ ਦੀਦਾਰੇ ਕੀਤੇ, ਕਪਾਟ ਖੁੱਲ੍ਹ ਗਏ, ਰੂਹ ਸਰਸ਼ਾਰ ਹੋ ਗਈ ਪਰ ਪਰਖ ਦੀ ਕਸਵੱਟੀ ਲਾ ਦਿੱਤੀ। ਪੰਜ ਮੋਹਰਾਂ ਰੱਖ ਕੇ ਮੱਥਾ ਟੇਕਿਆ। ਮਨ ਵਿਚ ਅਰਦਾਸ ਕੀਤੀ ਜੇ ਤੂੰ ਹੀ ਮੇਰਾ ਬੇੜਾ ਪਾਰ ਲਗਾਉਣ ਵਾਲਾ ਹੈ ਤਾਂ ਕਰ ਕੋਈ ਇਸ਼ਾਰਾ।

**"ਸ੍ਰੀ ਗੁਰੂ ਤੇਗ ਬਹਾਦਰ ਚੰਦ।**
**ਕਹਯੋ ਤਿਸੈ ਹੋ ਸਿੱਖ ਬਲੰਦ।**
**ਸਾਗਰ ਸਮੇਂ ਜਹਾਜ਼ ਲੰਘਾਵਨਿ।**
**ਤਹਿ ਜੋ ਕੀਨ ਸੰਕਲਪ ਉਠਾਵਿਨ।**
**ਅਰ ਦਸੌਂਧ? ਗੁਰ ਕੋ ਹੈ ਜੋਤਾ।**
**ਅਰਪਨ ਦਰਬ ਕਰਹੁ ਅਬ ਤੇਤਾ।**
**ਸਿਖੀ ਮਹਿ ਸ਼ਰਧਾ ਨਿਤ ਰਾਖਹੂ।**
**ਗੁਰ ਹਾਜਰ ਸਦ ਜਹਾਂ ਭਿਲਾਖੀ॥"**

ਇਹ ਸੁਣ ਕੇ ਮੱਖਣ ਸ਼ਾਹ ਦੇ ਕਪਾਟ ਖੁੱਲ੍ਹ ਗਏ, ਨੇਤਰਾਂ ਵਿਚੋਂ ਵੈਰਾਗ ਵਹਿ ਤੁਰਿਆ। ਕਿਤਨਾ ਚਿਰ ਚੁੱਪ ਰਿਹਾ। ਪਪੀਹੇ ਨੂੰ ਸਵਾਂਤੀ ਬੂੰਦ ਮਿਲ ਗਈ।

**'ਹੇ ਸਤਗੁਰ ਪੂਰਨ ਕਰ ਦਯਾ।**
**ਸਾਗਰ ਪਤਾ ਜੁ ਰਾਵਰਿ ਦਯਾ।**
**ਨਯਾ ਜਨਮ ਹੋਵਤਿ ਭਾ ਮੋਰਾ।**
**ਕਰਯੋ ਨਿਵਾਰਿਨ ਸੰਕਟ ਘੋਰਾ।'**

ਸਾਰੇ ਸੰਸਾਰ ਨੂੰ ਅੰਨ ਤੇ ਧੰਨ ਨਾਲ ਪੂਰਨ ਕਰਨ ਵਾਲੇ, ਗੁਰਦੇਵ ਜੀਓ, ਆਪ ਨੇ ਮੈਥੋਂ ਦਸਵੰਧ ਤੇ ਸੁਖਨਾ ਨਹੀਂ ਮੰਗੀ। ਇਸ ਬਹਾਨੇ ਆਪ ਨੇ ਮੋਏ ਹੋਏ ਸੇਵਕ ਨੂੰ ਜਿਵਾਲ ਦਿੱਤਾ ਹੈ। ਮੇਰੇ ਵੱਡੇ ਭਾਗ ਹਨ ਜਿਸ ਨੂੰ ਤੁਸਾਂ ਦਰਸ਼ਨ ਕਰਨ ਦਾ ਸੁਭਾਗ ਬਖਸ਼ਿਆ ਹੈ। ਮੇਰੇ ਡੁੱਬਦੇ ਨੂੰ ਸਹਾਰਾ ਮਿਲਿਆ ਹੈ। ਨਰਕੀ ਜੀਵ ਨੂੰ ਸਵਰਗ ਦੀ ਪ੍ਰਾਪਤੀ ਹੋਈ ਹੈ। ਗੁਰੂ ਜੀ ਅੱਗੇ ਹੱਥ ਬੰਨ ਕੇ ਅਰਜ਼ੋਈ ਕੀਤੀ ਹੇ ਸੱਚੇ ਪਾਤਸ਼ਾਹ ਆਪ ਜੀ ਦੇ ਪ੍ਰਗਟ ਹੋ ਜਾਣ ਦਾ ਸਮਾਂ ਆ ਗਿਆ ਹੈ। ਹੁਣ ਮੈਂ ਕਦਾਚਿਤ ਵੀ ਆਪ ਜੀ ਨੂੰ ਗੁਰਗੱਦੀ ਤੋਂ ਦੂਰ ਨਹੀਂ ਰਹਿਣ ਦੇਣਾ।

**"ਸ੍ਰੀ ਗੁਰੂ ਤੇਗ ਬਹਾਦਰ ਸੁਨਿ ਕੈ।**
**ਬਰਜਨ ਕੀਨਸ ਬਾਕਿਨ ਭਨਿ ਕੈ॥**
**ਹਮ ਕੋ ਜਾਹਰ ਬਾਹਰ ਕਰੋ॥**
**ਪੁਨ ਨਾ ਮਨੋਰਥ ਇਹ ਉਰ ਧਰੋ।**
**ਜੋ ਮਾਨੁੱਖ ਇਮ ਕਰ ਹੈ ਕਾਰਾ।**
**ਤਿਹ ਮੁਖ ਹੋਇ ਦਰਗਹਿ ਮਹਿ ਕਾਰਾ।"**

ਸੁਣਦਿਆਂ ਹੀ ਮੱਖਣ ਸ਼ਾਹ ਲੰਗਰ ਘਰ ਵੱਲ ਵਧਿਆ। ਤਵੇ ਦੀ ਸਿਆਹੀ ਨਾਲ ਹੱਥ ਭਰ ਕੇ ਮੂੰਹ ਤੇ ਲਾਇਆ। ਸੋਚਿਆ ਦਰਗਾਹ ਵਿਚ

ਮੂੰਹ ਕਾਲਾ ਕਰਵਾਉਣ ਨਾਲੋਂ ਇਥੇ ਕੀਤਾ ਚੰਗਾ ਹੈ। ਲੋਕ ਲਾਜ ਦੀ ਪ੍ਰਵਾਹ ਨਾ ਕੀਤੀ। **'ਆਪ ਗਵਾਈਏ ਤਾਂ ਸਹੁ ਪਾਈਏ'** ਵਾਲੀ ਗੱਲ ਤੇ ਅਮਲੀ ਜਾਮਾ ਪਹਿਨਾਇਆ। ਭੇਂਟ ਅੱਗੇ ਰੱਖੀ, ਦਸਵੰਧ ਭੇਟ ਕੀਤਾ। ਗਲ ਵਿੱਚ ਪੱਲਾ ਪਾ ਕੇ ਬੇਨਤੀ ਕੀਤੀ। ਗੁਰੂ ਨਾਨਕ ਦੀ ਸਿੱਖੀ ਜਿਸ ਦਾ ਚਹੁੰ ਕੂੰਟਾਂ ਵਿਚ ਫੈਲਿਆ ਹੋਇਆ ਹੈ, ਦੀ ਰਹਿਬਰੀ ਸਾਰਸ਼ਾਰ ਹੋ ਕੇ ਸੰਭਾਲੋ, ਗੁਰੂ ਹਰਕ੍ਰਿਸ਼ਨ ਜੀ ਵੱਲੋਂ ਉਚਰੇ ਸ਼ਬਦ **'ਬਾਬਾ ਬਕਾਲੇ'** ਦੇ ਇਸ਼ਾਰੇ ਨੂੰ ਅਸਲੀ ਜਾਮਾ ਪਹਿਨਾਓ, ਉਪਰੋਕਤ ਹੁਕਮਾਂ ਅਨੁਸਾਰ ਹੀ ਸਿੱਖ ਸੰਗਤ ਗੁਰੂ ਦਰਸ਼ਨਾਂ ਲਈ ਭੇਟਾਂ ਲੈ ਕੇ ਬਕਾਲੇ ਆਉਂਦੀ ਹੈ, ਉਹਨਾਂ ਦੀ ਸ਼ਰਧਾ ਸਿਦਕ ਇਹਨਾ ਆਪੇ ਬਣੇ ਗੁਰੂਆਂ ਦੇ ਢਾਹੇ ਚੜ੍ਹ ਕੇ ਘਟ ਜਾਂਦੀ ਹੈ, ਆਪ ਹੀ ਅੱਠਵੇਂ ਸਤਿਗੁਰੂ ਦੇ ਕਹੇ ਹੋਏ ਮੁਖਵਾਕ ਨੂੰ ਸਤ ਕਰੋ, ਗੁਰਗੱਦੀ ਤੇ ਸੁਭਾਇਮਾਨ ਹੋ ਕੇ ਸਿੱਖੀ ਨੂੰ ਸੰਭਾਲੋ।

ਗੁਰੂ ਮਹਾਰਾਜ ਸਿਦਕੀ ਸਿੱਖ ਦੀ ਸ਼ਰਧਾ, ਸਿਦਕ, ਪ੍ਰੇਮ, ਨਿਮਰਤਾ ਤੇ ਵਿਸ਼ਵਾਸ ਵੇਖ ਕੇ ਪ੍ਰੰਸਨ ਹੋ ਗਏ। ਪ੍ਰਵਾਨਗੀ ਦੇ ਦਿੱਤੀ ਆਖਿਆ ਜਾਹ ਹੁਣ ਮੂੰਹ ਧੋ ਕੇ ਆਓ।

**"ਗੁਰੂ ਆਖਿਆ ਲੈ ਮੱਖਣ ਸ਼ਾਹੁ।**
**ਮੁਖ ਧੋਯੋ ਲੈ ਜਲ ਕਰ ਮਾਹੁ।**
**ਗੁਰ-ਗਿਰਾ ਘਰ ਇੱਛਾ ਜਾ ਕੀ।**
**ਪੂਰਨ ਕੀਨਿ ਮਨਿ ਮਨ ਨੀਕੀ॥"**

ਸੁੰਦਰ ਪੁਸ਼ਾਕਾ ਪਹਿਨ ਕੇ ਗੁਰੂ ਜੀ ਸਿੰਘਾਸਨ ਤੇ ਬੈਠੇ। ਚੌਰ ਬਰਦਾਰ ਸਿਰ ਉਪਰ ਚੌਰ ਕਰ ਰਿਹਾ ਹੈ। ਮੱਖਣ ਸ਼ਾਹ ਭੱਜ ਕੇ ਕੋਠੇ ਤੇ ਚੜ੍ਹ ਗਿਆ। ਪੱਲਾ ਹਿਲਾ ਹਿਲਾ ਕੇ ਉਚੀ-ਉਚੀ ਆਵਾਜ਼ ਦਿੱਤੀ **'ਗੁਰੂ ਲਾਧੋ ਰੇ, ਗੁਰੂ ਲਾਧੋ ਰੇ।'**

**"ਤਿਹ ਛਿਨ ਮੱਖਣ ਚਢਿਯੋ ਊਚ ਅਟਾਰੀ।**
**ਸਭ ਸੰਗਤ ਸੋਂ ਊਚ ਉਚਾਰੀ।**
**ਭੂਲੀਏ ਸੰਗਤ ਸੁਨਹੁ ਸੋਕਾਨ।**
**ਸਤਗੁਰ ਲਧਾ ਮਹਿਦ ਮਹਾਨ।**
**ਸੰਸੈ ਭਰਮ ਰਿਦੈ ਕੋ ਤਜਿ ਕੇ।**
**ਜਨਮ ਸਧਾਰਨ ਸ੍ਰੀ ਗੁਰ ਭਜ ਕੈ॥"**

ਇਹ ਸੁਣ ਕੇ ਸੰਗਤ ਦੌੜੀ ਆਈ। ਦਰਸ਼ਨ ਕੀਤੇ, ਭੇਟਾ ਰੱਖੀਆਂ, ਚਾਰ-ਚੁਫੇਰੇ ਰੌਲਾ ਪੈ ਗਿਆ। ਜਿਸ ਨੂੰ ਲੋਕ 'ਤੇਗ਼ਾ ਕਮਲਾ' ਕਹਿੰਦੇ ਸਨ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਸ਼ਕਤੀਆਂ ਦੇ ਮਾਲਕ ਹਨ। ਜਿਨ੍ਹਾਂ ਨੇ ਮੱਖਣ ਸ਼ਾਹ ਲੁਬਾਣੇ ਦਾ ਡੁੱਬਦਾ ਜਹਾਜ਼ ਬੰਨੇ ਲਾਇਆ ਹੈ। ਉਸ ਸ਼ਰਧਾਲੂ ਸਿੱਖ ਨੇ ਸਭ ਸੰਗਤਾਂ ਦੇ ਭਲੇ ਲਈ ਗੁਰੂ ਜੀ ਨੂੰ ਪ੍ਰਗਟ ਕਰ ਦਿੱਤਾ ਹੈ। ਚੰਦਰਮਾ ਚੜ੍ਹ ਪਿਆ ਹੈ, ਹੁਣ ਹਨ੍ਹੇਰਾ ਨਹੀਂ ਰਹੇਗਾ। ਭਾਈ ਮੱਖਣ ਮੱਖਣ ਸ਼ਾਹ ਲੁਬਾਣੇ ਨੇ ਆਪਣੇ ਵਿਸ਼ਵਾਸ ਰਾਹੀਂ ਕਾਰਨਾਮਾ ਕਰ ਵਿਖਾਇਆ ਹੈ।

ਇਸ ਤੋਂ ਉਪਰੰਤ ਵੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਸਤਿਗੁਰੂ ਦੇ ਸੰਗ ਰਹੇ। ਧੀਰ ਮੱਲ ਤੇ ਸ਼ੀਹੇ ਮਸੰਦ ਨੂੰ ਸੋਧਿਆ। ਸਤਿਗੁਰੂ ਦੀਆਂ ਖੁਸ਼ੀਆਂ ਅਤੇ ਅਸੀਸਾਂ ਪ੍ਰਾਪਤ ਕੀਤੀਆਂ।

ਸਮੁੱਚਾ ਸਿੱਖ ਪੰਥ ਅਤੇ ਖਾਸਕਰ ਲੁਬਾਣਾ ਬਰਾਦਰੀ ਬਾਬਾ ਮੱਖਣ ਸ਼ਾਹ ਲੁਬਾਣੇ ਦੇ ਇਸ ਕਾਰਨਾਮੇ ਨੂੰ ਹਮੇਸ਼ਾ ਸਿਜਦਾ ਕਰਦੇ ਰਹਿਣਗੇ। ਹਰ ਸਾਲ ਦੀ ਤਰ੍ਹਾਂ ਬਾਬਾ ਬਕਾਲਾ ਵਿਖੇ ਸਾਵਣ ਮਹੀਨੇ ਦੀ ਪੂਰਨਮਾਸ਼ੀ ਤੇ ਵੱਡੇ ਜੋੜ ਮੇਲੇ ਵਿੱਚ ਸਿੱਖ ਸੰਗਤਾਂ ਇਸ ਅਦੁੱਤੀ ਮਨੁੱਖ ਨੂੰ ਸਿਜਦਾ ਕਰਦੀਆਂ ਹਨ।

ਹਰ ਸਾਲ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਮਿਤੀ 7 ਅਕਤੂਬਰ ਨੂੰ ਇਹ ਦਿਹਾੜਾ ਬੜੇ ਚਾਅ ਅਤੇ ਮਲਾਰਾਂ ਨਾਲ ਮਨਾਇਆ ਜਾਂਦਾ ਹੈ।

*****



# ਵਧਾਈਆਂ

**ਉੱਘੇ ਅਕਾਲੀ ਨੇਤਾ ਅਤੇ ਲੁਬਾਣਾ ਬਰਾਦਰੀ ਦੀ ਪ੍ਰਮੁੱਖ ਸ਼ਖ਼ਸ਼ੀਅਤ ਸ. ਮਨਜੀਤ ਸਿੰਘ ਦਸੂਹਾ ਜੀ ਨੂੰ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤੀ) ਦੇ ਜਨਰਲ ਸਕੱਤਰ ਥਾਪੇ ਜਾਣ 'ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਅਤੇ ਅਦਾਰਾ 'ਲੁਬਾਣਾ ਸੇਵਕ' ਵੱਲੋਂ ਬਹੁਤ-ਬਹੁਤ ਵਧਾਈਆਂ। ਸ. ਮਨਜੀਤ ਸਿੰਘ ਜੀ ਪਿਛਲੇ ਤਕਰੀਬਨ 20 ਸਾਲ ਤੋਂ ਸਿੱਖ ਸਿਆਸਤ 'ਚ ਸਰਗਰਮੀ ਨਾਲ ਸੇਵਾ ਨਿਭਾਅ ਰਹੇ ਹਨ। ਆਪ ਜੀ ਸੰਯੁਕਤ ਅਕਾਲੀ ਦਲ (ਢੀਂਡਸਾ) ਦੇ ਜਨਰਲ ਸਕੱਤਰ ਵੀ ਰਹਿ ਚੁੱਕੇ ਹਨ। ਧੀਰਜ ਅਤੇ ਮਿੱਠ ਬੋਲੜੀ ਸ਼ਖ਼ਸ਼ੀਅਤ ਦੇ ਮਾਲਕ ਸ. ਮਨਜੀਤ ਸਿੰਘ ਜੀ ਨੂੰ ਆਪਣੇ ਜੀਵਨ ਵਿਚ ਹੋਰ ਸ਼ਫਲਤਾਵਾਂ ਮਿਲਣ ਦੀ ਕਾਮਨਾ ਕਰਦੇ ਹਾਂ।**

# ਮੇਰੀ ਮੇਰੀ ਕਰਤੇ ਜਨਮੁ ਗਇਓ ॥

## ਅੰਗ 479

ਮੇਰੀ ਮੇਰੀ ਕਰਦੇ ਹੀ ਉਮਰ ਬੀਤ ਜਾਂਦੀ ਹੈ। Life wastes away crying out, “mine mine”. ਇਸ ਸ਼ਬਦ ਦੀ ਸਪੱਸ਼ਟਤਾ ਵਾਸਤੇ ਨੌਂਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮੁਖਾਰਬਿੰਦ ਤੋਂ ਉਚਾਰੇ ਸ਼ਬਦ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਸਲੋਕਾਂ ਦੇ ਰੂਪ ਵਿਚ ਦਰਜ ਹਨ। ਅਸੀਂ ਅਖੰਡ ਪਾਠ ਸਾਹਿਬ ਦੀ ਸਮਾਪਤੀ ਵਕਤ ਸੁਣਦੇ ਪੜ੍ਹਦੇ ਹਾਂ –

**ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥**

**ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥** (ਅੰਗ 1426)

ਨੌਂਵੀਂ ਪਾਤਸ਼ਾਹੀ ਨੇ ਮਨੁੱਖ ਨੂੰ ਸੰਬੋਧਨ ਕਰ ਕੇ ਕਿਹਾ ਹੈ ਕਿ ਤੂੰ ਪ੍ਰਮਾਤਮਾ ਦਾ ਨਾਮ ਨਾ ਜਪ ਕੇ ਆਪਣਾ ਜੀਵਨ ਨਿਕੰਮਾ ਕਰ ਲਿਆ ਹੈ ਤੇ ਤੈਨੂੰ ਉਸ ਅਕਾਲ ਪੁਰਖ ਨਾਲ ਇਸ ਤਰ੍ਹਾਂ ਜੁੜ ਜਾਣਾ ਚਾਹੀਦਾ ਹੈ ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ। ਸਾਡੇ ਮੰਨ ਵਿਚ ਕਿਤਨਾ ਵੱਡਾ ਭੁਲੇਖਾ ਹੈ ਜੋ ਹਰ ਸਮੇਂ ਸੋਚਦਾ ਤੇ ਕਰਦਾ ਵੀ ਹੈ। ਮੇਰਾ ਘਰ, ਮੇਰੀ ਜਾਇਦਾਦ, ਮੇਰੇ ਬੱਚੇ, ਮੇਰੇ ਮਾਪੇ, ਮੇਰੇ ਭੈਣ-ਭਾਈ ਅਤੇ ਮੇਰੇ ਦੋਸਤ-ਮਿੱਤਰ ਆਦਿ। ਪਰ ਕਦੇ ਨਹੀਂ ਸੋਚਦਾ ਜਿਸ ਤਰ੍ਹਾਂ ਅਸੀਂ ਸਾਹ ਲੈ ਰਹੇ ਹਾਂ, ਪਾਣੀ ਵਰਤ ਰਹੇ ਹਾਂ ਅਤੇ ਧਰਤੀ ਉੱਪਰ ਤਰ੍ਹਾਂ-ਤਰ੍ਹਾਂ ਦੇ ਫੁਲ, ਫਲ, ਅਨਾਜ ਆਦਿ ਪੈਦਾ ਕਰਕੇ ਆਪਣੇ ਜੀਵਨ ਦਾ ਸੁਖ ਮਾਣ ਰਹੇ ਹਾਂ ਇਹ ਕਿਸ ਦੀ ਦੇਣ ਆ ਜਦ ਕਿ ਇਹ ਵੀ ਅਸੀਂ ਨਿਤਨੇਮ ਵਿਚ ਪੜ੍ਹਦੇ ਸੁਣਦੇ ਹਾਂ –

**ਪਵਣੁ ਗੁਰੂ, ਪਾਣੀ ਪਿਤਾ ਮਾਤਾ ਧਰਤਿ ਮਹਤੁ ॥**

ਹਵਾ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ, ਪਾਣੀ ਨੂੰ ਪਿਤਾ ਦਾ ਅਤੇ ਧਰਤੀ ਨੂੰ ਮਾਂ ਦਾ ਦਰਜਾ ਹਾਸਿਲ ਹੈ। ਫਿਰ ਵੀ ਇਹਨਾਂ ਤੋਂ ਦੂਰ ਅਸੀਂ ਮੇਰੀ ਮੇਰੀ ਦੇ ਪੁਜਾਰੀ ਬਣੇ ਬੈਠੇ ਹਾਂ।

ਮਨੁੱਖ ਯਤਨ ਕਰਦਾ ਕਿ ਮੈਂ ਕੁਦਰਤ ਦੇ ਨੇੜੇ ਹੋ ਜਾਵਾਂਪਰ ਉਸ ਦਾ ਮੰਨ ਵਿਕਾਰਾਂ ਵਿੱਚ ਗ੍ਰਸਿਆ ਹੋਇਆ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਇਸ ਵਿਚੋਂ ਮਨੁੱਖ ਜਦ ਤੱਕ ਮੁਕਤੀ ਪ੍ਰਾਪਤ ਨਹੀਂ ਕਰਦਾ ਉਸ ਸਮੇਂ ਤੱਕ ਉਹ ਇਸ ਮੇਰੀ ਮੇਰੀ ਦੇ ਚੱਕਰ ਵਿਚ ਫਸਿਆ ਹੀ ਰਹੇਗਾ।

ਬੇਸ਼ੱਕ ਕਾਮ ਕਰਕੇ ਹੀ ਮਨੁੱਖ ਅਤੇ ਬਾਕੀ ਜੀਵ ਜੰਤੂ ਪੈਦਾ ਹੁੰਦੇ ਹਨ। ਪਰ ਇਸ ਇਕ ਸੀਮਾਂ ਜਦ ਮਨੁੱਖ ਪਾਰ ਕਰ ਲਵੇ ਤਾਂ ਸਿੱਟੇ ਕੁਝ ਹੋਰ ਹੀ ਨਿਕਲਦੇ ਹਨ। ਗੁਰੂ ਨਾਨਕ ਦੇਵ ਜੀ ਨੇ ਇਸ ਸਬੰਧ ਵਿਚ ਮਨੁੱਖ ਨੂੰ ਇਕ ਮੁੱਢਲੀ ਚਿਤਾਵਨੀ ਦਿੱਤੀ ਹੈ।

**ਪ੍ਰਿੰਸੀਪਲ**
**ਪ੍ਰੀਤ ਮਹਿੰਦਰ ਪਾਲ ਸਿੰਘ**
(ਸੇਵਾ ਮੁਕਤ)



**ਕਾਮੁ, ਕ੍ਰੋਧੁ ਕਾਇਆ ਕਉ ਗਾਲੈ ॥**

**ਇਉ ਕੰਚਨ ਸੁਹਾਗਾ ਢਾਲੈ ॥**(ਪੰਨਾ 932)

ਕਿਉਂਕਿ ਹੱਦਾਂ ਨੂੰ ਪਾਰ ਕਰਨਾ ਗਲਤ ਹੈ। ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਵੀ ਇਸ ਬਾਰੇ ਫੁਰਮਾਉਂਦੇ ਹਨ ।

**ਨਿਮਖ ਕਾਮ ਸੁਆਦ ਕਾਰਣਿ ਕੋਟ ਦਿਨਸ ਦੁਖੁ ਪਾਵਹਿ ॥**

**ਘਰੀ, ਮੁਹਤ ਰੰਗ ਮਾਣਹਿ, ਫਿਰਿ ਬਹੁਰਿ ਪਛੁਤਾਵਹਿ ॥** (ਅੰਗ 403)

ਵੇਲਾ ਵਿਹਾਅ ਕੇ ਮਨੁੱਖ ਪਛਤਾਉਂਦਾ ਜ਼ਰੂਰ ਹੈ ਚਾਹੇ ਸਿੱਧੇ ਤਰੀਕੇ ਨਾਲ ਚਾਹੇ ਅਸਿੱਧੇ ਤਰੀਕੇ ਨਾਲ।

ਕ੍ਰੋਧ ਸਰੀਰ ਦੀ ਉਹ ਦਸਾ ਹੈ ਜਿਸ ਵਿਚ ਘਿਰਿਆ ਮਨੁੱਖ ਜਿੱਥੇ ਆਪਣੇ ਆਪ ਨੂੰ ਸਾੜਦਾ ਉੱਥੇ ਕੁਝ ਅਜਿਹੇ ਕਾਰੇ ਕਰ ਬੈਠਦਾ ਜਿਸ ਨੂੰ ਉਹ ਸਾਰੀ ਉਮਰ ਪਛਤਾਉਂਦਾ ਹੈ। ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਸੁਚੇਤ ਕਰਦੇ ਹਨ –

**ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥**

**ਬਿਖਯੰਤ ਜੀਵੰ ਵਸ੍ਯੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ** (ਬਾਂਦਰ)**॥**

**ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ ॥**(ਅੰਗ 1358)

ਭਾਵ ਕ੍ਰੋਧੀ ਦੇ ਮੰਨ ਵਿਚ ਦਯਾ, ਹਮਦਰਦੀ ਤੇ ਪਿਆਰ ਕਦੇ ਨਹੀਂ ਉਪਜਦੇ ਅਤੇ ਇਹ ਬਿਰਤੀਆਂ ਉਸ ਦੇ ਸੁਭਾਅ ਨਾਲ ਮੇਲ ਖਾਂਦੀਆਂ ਤੇ ਜੀਵ

ਕੋਲੋਂ ਪਾਪ ਕਰਵਾਉਂਦੀਆਂ ਹਨ। ਇਥੋਂ ਤੱਕ ਕਿ ਉਸ ਮਨੁੱਖ ਨੂੰ ਵੱਸ ਵਿਚ ਕਰ ਬਾਂਦਰ ਵਾਂਗ ਨਚਾਉਂਦੀਆਂ ਵੀ ਨੇ। ਚੰਗੇ ਭਲੇ ਮਨੁੱਖ ਆਪਣੇ ਗੁਣ ਗੁਆ ਮੰਦ ਬਿਰਤੀ ਵਾਲੇ ਬਣ ਜਾਂਦੇ ਹਨ ਅਤੇ ਕਾਮਾਂ ਦੇ ਭਾਗੀ ਵੀ। ਇਸ ਤੋਂ ਛੁਟਕਾਰਾ ਕਿਵੇਂ ਮਿਲਦਾ ਹੈ:

**ਸਚੁ ਸੰਜਮੁ ਸਤਿਗੁਰੂ ਦੁਆਰੈ ॥ ਹਉਮੈ ਕ੍ਰੋਧ ਸਬੰਦਿ ਨਿਵਾਰੈ ॥** (ਅੰਗ 1057)

ਸਤਿਗੁਰ ਦੇ ਮਧੁਰ ਬਚਨ ਕ੍ਰੋਧ ਨੂੰ ਭਸਮ ਕਰ ਦੇਂਦੇ ਹਨ ਅਤੇ ਮਨੁੱਖ ਜੀਵਨ ਦੇ ਰਸਡੀ ਰਾਹ ਤੇ ਪੈ ਜਾਂਦਾ ਹੈ।

**'ਸਤਿਗੁਰ ਸਬਦ ਕ੍ਰੋਧ ਜਲਾਵੈ ॥'**

ਮਨੁੱਖੀ ਲੋੜਾਂ ਕਦੇ ਵੀ ਪੂਰੀਆਂ ਨਹੀਂ ਹੁੰਦੀਆਂ ਇਕ ਤੋਂ ਬਾਅਦ ਦੂਜੀ ਤੇ ਦੂਜੀ ਤੋਂ ਬਾਅਦ ਤੀਜੀ ਜਨਮ ਲੈਂਦੀ ਹੈ। ਇਹ ਸਿਲਸਿਲਾ ਚੱਲਦਾ ਹੀ ਰਹਿੰਦਾ ਹੈ। ਜੋ ਮਨੁੱਖ ਕਿਸੇ ਚੀਜ਼ ਨੂੰ ਹਾਸਲ ਕਰਨ ਲਈ ਇੱਛਾ ਜ਼ਾਹਿਰ ਕਰਦਾ ਹੈ ਪਰ ਉਸ ਨੂੰ ਪੂਰਾ ਕਰਨ ਦੀ ਸਮਰੱਥਾ ਨਹੀਂ ਹੁੰਦੀ ਤਾਂ ਉਹ ਸਬਰ ਦੀ ਬਜਾਏ ਹੋਰ ਹੱਥ ਕੰਡੇ ਵਰਤਣਾ ਸ਼ੁਰੂ ਕਰ ਦਿੰਦਾ ਹੈ ਸਿੱਟੇ ਵਜੋਂ ਉਹ ਅਧਿਆਤਮਕਤਾ ਦਾ ਰਾਹ ਛੱਡ ਆਪਣੇ ਜੀਵਨ ਨੂੰ ਕੁਰਾਹੇ ਪਾ ਲੈਂਦਾ ਹੈ। ਤਾਂ ਮਨੁੱਖ ਨੂੰ ਲਾਲਚ ਇਸ ਤਰ੍ਹਾਂ ਖਰਾਬ ਕਰਦਾ ਜਿਵੇਂ ਪਾਣੀ ਵਿਚ ਬੂਰ ਪੈਣ ਤੇ ਪਾਣੀ ਵਿਚ ਸੜਾਂਦ ਪੈਦਾ ਹੋ ਜਾਂਦੀ ਹੈ ਤੇ ਉਹ ਬਦਬੂ ਮਾਰਨ ਲੱਗ ਜਾਂਦਾ ਹੈ।

**ਲਬੁ ਵਿਣਾਹੇ (ਨਾਸ ਕਰੇ) ਮਾਣਸਾ ਜਿਉਂ ਪਾਣੀ ਬੂਰੁ ॥** (ਅੰਗ 967)

ਲੋਭ ਲਾਲਚ ਵਿਚ ਜਕੜਿਆ ਮਨੁੱਖ ਬੇਜਮੀਰਾ ਅਤੇ ਖੁਦਗਰਜ ਹੋ ਜਾਂਦਾ ਹੈ।

**ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥**

**ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥** (ਅੰਗ 876)

ਲਾਲਚੀ ਮਨੁੱਖ ਕਿਸੇ ਨਾਲ ਪਿਆਰ ਨਹੀਂ ਕਰਦਾ ਇਥੋਂ ਤੱਕ ਕਿ ਪ੍ਰਮਾਤਮਾ ਨਾਲ ਵੀ ਨਹੀਂ ਕਿਉਂਕਿ ਉਸ ਦਾ ਮੰਨ ਹਮੇਸ਼ਾ ਲਾਲਚ ਵੱਲ ਕੇਂਦਰਿਤ ਰਹਿੰਦਾ ਹੈ।

**ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥**

**ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥** (ਅੰਗ 1378)

ਜਦੋਂ ਮਨੁੱਖ ਲਾਲਚ ਵਿਚ ਬੁਰੀ ਤਰ੍ਹਾਂ ਗ੍ਰਸਿਆ ਜਾਂਦਾ ਹੈ ਤਾਂ ਉਹ ਇਨਸਾਨ ਨਹੀਂ ਰਹਿੰਦਾ ਉਹ ਕੂੜ, ਫਰੇਬ, ਝੂਠ, ਮਾਰ ਧਾੜਦਾ ਸਹਾਰਾ ਲੈ ਕੇ ਆਪਣਾ ਉਲੂ ਸਿੱਧਾ ਕਰਦਾ ਹੈ। ਗੁਰਬਾਣੀ ਇਸ ਤਰ੍ਹਾਂ ਦੇ ਮਨੁੱਖ ਨੂੰ ਸੇਧ ਦਿੰਦੀ ਹੈ ਕਿ ਉਹ ਲੋਭ ਤੋਂ ਪ੍ਰਹੇਜ ਕਰੇ।

**ਲਬੁ ਲੋਭੁ ਮੁਚੁ (ਬਹੁਤਾ) ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥**

**ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ (ਧਰਤੀ) ਉਪਰਿ ਛਾਰੋ ॥** (ਅੰਗ 154)

ਲਭ ਨੂੰ ਹੋਰ ਫਿਟਕਾਰਦਿਆਂ ਉਸ ਨੂੰ ਕੁਤਾ, ਚੂਹੜਾ, ਠਗਿ ਅਤੇ ਚੰਡਾਲ ਕਹਿ ਕੇ ਦਰਕਾਰਿਆ ਗਿਆ ਹੈ ਤਾਂ ਮਨੁੱਖ ਇਸ ਦੇ ਪ੍ਰਭਾਵ ਨੂੰ ਦੂਰ ਰੱਖ ਸਕਣ।

**ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥**

**ਕਾਮ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥** (ਅੰਗ 468-69)

ਗੁਰਬਾਣੀ ਸਾਨੂੰ ਉਪਦੇਸ਼ ਦਿੰਦੀ ਹੈ ਕਿ ਜੇਕਰ ਮਨੁੱਖ ਛੋਟੀ ਜਿਹੀ ਗਲਤੀ ਕਰੇ ਤੇ ਪਸ਼ਚਾਤਾਪ ਕਰ ਲਵੇ ਤਾਂ ਉਹ ਆਪਣੇ ਆਪ ਨੂੰ ਸਵਾਰ ਸਕਦਾ ਹੈ।

**ਬਾਬਾ ਬੋਲੀਐ ਪਤਿ ਹੋਇ ॥**

**ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥** (ਅੰਗ 15)

ਧੰਨ-ਦੌਲਤ, ਰੁਪਇਆ ਪੈਸਾ ਹੀ ਸਿਰਫ਼ ਮਾਇਆ ਨਹੀਂ। ਮਨੁੱਖ ਜਿਸ ਵਿਅਕਤੀ ਵਿਸ਼ੇਸ਼ ਨਾਲ ਜਿਵੇਂ ਬੱਚਿਆਂ ਨਾਲ, ਸਾਕ-ਸਬੰਧੀਆਂ ਨਾਲ ਮੋਹ ਰੱਖਦਾ ਹੈ ਇਹ ਵੀ ਮਾਇਆ ਹੀ ਹੈ। ਪਰਿਵਾਰ ਵਾਸਤੇ ਅਰਾਮਦਾਇਕ ਵਸਤਾਂ ਇਕੱਠੀਆਂ ਕਰਨੀਆਂ, ਹੋਰ ਸੁਖ ਸਹੂਲਤਾਂ ਦੇਣੀਆਂ ਵੀ ਇਹ ਮੋਹ ਦੀ ਨਿਸ਼ਾਨੀ ਹੀ ਹੈ। ਇਸ ਵਿਚ ਗ੍ਰਸਤ ਮਨੁੱਖ ਆਪਣੀ ਜ਼ਮੀਰ ਤੱਕ ਵੇਚ ਦਿੰਦਾ ਹੈ। ਬੇਸ਼ੱਕ ਉਸਨੂੰ ਪਤਾ ਵੀ ਹੈ ਕਿ ਅੰਤ ਵੇਲੇ ਮੇਰੇ ਨਾਲ ਇਹ ਨਹੀਂ ਜਾਣੀਆਂ।

**ਬਾਬਾ ਮਾਇਆ ਸਾਥਿ ਨ ਹੋਇ ॥**

**ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥** (ਅੰਗ 595)

ਜਿਹੜਾ ਮਨੁੱਖ ਮਾਇਆ ਦੀ ਚਮਕ ਦਮਕ ਦੇਖ ਇਸ ਦੇ ਪਿੱਛੇ ਲੱਗ ਜਾਂਦਾ ਹੈ ਉਹ ਜ਼ਿੰਦਗੀ ਵਿਚ ਕਦੇ ਵੀ ਕਾਮਯਾਬ ਨਹੀਂ ਹੁੰਦਾ। ਇਸ ਪ੍ਰਥਾਏ ਕੁਝ ਤਾਕੀਦਾਂ ਇਸ ਤਰ੍ਹਾਂ ਹਨ -

**ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ ॥**

**ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ ॥** (ਅੰਗ 935)

**ਸਾਸੁ ਬੁਰੀ ਘਰਿ ਵਾਸੁ ਨ ਦੇਵੈ**

**ਪਿਰ ਸਿਉ ਮਿਲਣ ਨ ਦੇਇ ਬੁਰੀ॥** (ਅੰਗ 355)

**ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥**

**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥** (ਅੰਗ 510)

ਮਾਇਆਧਾਰੀ ਮਨੁੱਖ ਦੁੱਧ ਦੀ ਜਗ੍ਹਾ ਪਾਣੀ ਹੀ ਰਿੜਕਦਾ ਹੈ ਜਿਸ ਤੋਂ ਕੁਝ ਹਾਸਲ ਨਹੀਂ ਹੁੰਦਾ।

**ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀਂ ਦੀਸੈ॥**

**ਪੋਰੁ ਨੀਰੁ ਵਿਰੋਲੀਐ ਮਾਖਨ ਨਹੀ ਰੀਸੈ॥** (ਅੰਗ 2....)

ਹਰੇਕ ਮਨੁੱਖ ਵਿਚ ਕੁਝ ਗੁਣ ਅਤੇ ਕੁਝ ਅਵਗੁਣ ਮੌਜੂਦ ਹਨ। ਅਵਗੁਣ ਦੇ ਜੋ ਲੱਛਣ ਨਜ਼ਰ ਆਉਂਦੇ ਉਹਨਾਂ ਵਿਚੋਂ ਹੰਕਾਰ ਪਹਿਲੇ ਨੰਬਰ ਤੇ ਹੈ। ਇਕ ਨੇਕ ਇਨਸਾਨ ਵੀ ਕਈ ਵਾਰ ਇਕ ਛੋਟੀ ਜਿਹੀ ਮੈਂ-ਮੈਂ ਵਿਚ ਫਸ ਕੇ ਆਪਣੇ ਦੂਜੇ ਸਾਰੇ ਗੁਣ ਖੋਹ ਬੈਠਦਾ ਹੈ ਤੇ ਹੰਕਾਰ ਵਿਚ ਬੁਰੀ ਤਰ੍ਹਾਂ ਫਸ ਜਾਂਦਾ ਹੈ। ਇਸ ਤੋਂ ਖਹਿੜਾ ਛੁਡਾਉਣਾ ਔਖਾ ਹੈ ਪਰ ਅਸੰਭਵ ਨਹੀਂ। ਗੁਰੂ ਅਮਰਦਾਸ ਜੀ ਦਾ ਫੁਰਮਾਣ ਹੈ -

**ਜੋਗੀ ਗ੍ਰਿਹੀ ਪੰਡਿਤ ਭੇਖਧਾਰੀ॥**

**ਏ ਸੂਤੇ ਆਪਣੇ ਅਹੰਕਾਰੀ॥** (ਅੰਗ 1128)

ਜੋਗੀ ਤੇ ਭੇਖਧਾਰੀ ਵੀ ਆਪਣੇ ਹੰਕਾਰ ਵਿਚ ਫਸ ਕੇ ਪ੍ਰਮਾਤਮਾ ਤੋਂ ਦੂਰੀ ਬਣਾਈ ਰੱਖਦੇ ਹਨ।

ਹੰਕਾਰੀ ਮਨੁੱਖ ਦਾ ਕੀ ਹਸ਼ਰ ਹੁੰਦਾ ਹੈ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ।

**ਊਚਾ ਚੜੈ ਸੁ ਪਵੈ ਪਇਆਲਾ॥**

**ਧਰਮਿ ਪੜੈ, ਸਿ ਲਗੈ ਨ ਕਾਲਾ॥** (ਅੰਗ 374)

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਇਸ ਤੋਂ ਦੂਰ ਰਹਿਣ ਲਈ ਪ੍ਰੇਰਿਆ ਹੈ।

**ਅੰਤਰਿ ਮੈਲੁ, ਤੀਰਥ ਭਰਮੀਜੈ॥**

**ਮਨੁ ਨਹੀ ਸੂਚਾ, ਕਿਆ ਸੋਚ ਕਰੀਜੈ॥**

**ਕਿਰਤ ਪਇਆ, ਦੋਸ ਕਾ ਕਉ ਦੀਜੈ॥** (ਅੰਗ 905)

ਭਗਤ ਕਬੀਰ ਜੀ ਨੇ ਵੀ ਹੰਕਾਰ ਤੋਂ ਬਚਣ ਲਈ ਸਿੱਧੇ ਸ਼ਬਦਾਂ ਵਿਚ ਕਿਹਾ ਹੈ।

**ਧਨ, ਜੋਬਨ ਕਾ ਗਰਬੁ ਨ ਕੀਜੈ, ਕਾਗਦ ਜਿਉ ਗਲਿ ਜਾ ਹਿਸਾ॥** (1106)

● ● ●

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਉਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# ਬਾਬਾ ਬੁੱਢਾ ਜੀ ਜਨਮ ਦਿਵਸ 'ਤੇ ਵਿਸ਼ੇਸ਼



ਬਾਬਾ ਬੁਢਾ ਜੀ ਬੜੇ ਉੱਚੇ ਸੁਚੇ, ਕਰਨੀ ਵਾਲੇ ਪ੍ਰਸਿਧ, ਗੁਰਸਿੱਖ ਹੋਏ ਹਨ। ਉਨ੍ਹਾਂ ਨੇ ਗੁਰਸਿੱਖੀ ਦਾ ਉਪਦੇਸ ਸ੍ਰੀ ਗੁਰੂ ਨਾਨਕ ਦੇਵ ਜੀ ਲਿਆ ਅਤੇ ਛੇਵੀਂ ਪਾਤਿਸ਼ਾਹੀ ਦੇ ਸਮੇਂ ਤੀਕ ਗੁਰਸਿੱਖੀ ਦਾ ਨਮੂਨਾ ਬਣ ਕੇ ਜੀਵਨ ਬਤੀਤ ਕੀਤਾ।

ਬਾਬਾ ਜੀ ਦਾ ਜਨਮ ਸੁਘੇ ਰੰਧਾਵੇ ਜਟ ਦੇ ਘਰ ਗੌਰਾਂ ਦੀ ਕੁੱਖ ਤੋਂ ਕਤਕ ਸੰਮਤ ੧੫੬੩ ਨੂੰ ਕੱਥੂ ਨੰਗਲ, ਜ਼ਿਲਾ ਅੰਮ੍ਰਿਤਸਰ ਵਿੱਚ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਨਾਂ ਬੂੜਾ ਰੱਖਣ, ਮਗਰੋਂ ਗੁਰੂ ਨਾਨਕ ਦੇਵ ਜੀ ਦੇ ਬਚਨ ਜਬ ਉਨ੍ਹਾਂ ਦਾ ਨਾਂ ਬੁਢਾ ਜੀ ਪੈ ਗਿਆ। ਬੂੜਾ ਜੀ ਦੇ ਜਨਮ ਤੋਂ ਕੁਝ ਚਿਰ ਮਗਰੋਂ ਉਨ੍ਹਾਂ ਦੇ ਮਾਪੇ ਪਿੰਡ ਰਮਦਾਸ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਆ ਵੱਸੇ।

ਆਪ ਯਾਰ੍ਹਾਂ ਬਾਰ੍ਹਾਂ–ਵਰ੍ਹਿਆਂ ਦੇ ਸਨ, ਤਦ ਗੁਰੂ ਨਾਨਕ ਦੇਵ ਜੀ ਫਿਰਦੇ ਫਿਰਾਦੇਂ ਅਤੇ ਸਤਿਨਾਮੁ ਦੇ ਗੱਫੇ ਵਰਤਾਂਦੇ ਰਮਦਾਸ ਪਿੰਡ ਦੇ ਪਾਸ ਆ ਟਿਕੇ। ਬੂੜਾ ਜੀ ਵੀ ਮੱਝਾਂ ਚਾਰਦੇ ਓਥੇ ਆ ਗਏ। ਉਨ੍ਹਾਂ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦਾ ਉਪਦੇਸ਼ ਸੁਣਿਆ। ਉਨ੍ਹਾਂ ਦੇ ਮਨ ਵਿੱਚ ਅਜਿਹੀ ਰੀਝ ਪੈਦਾ ਹੋ ਗਈ ਕਿ ਉਹ ਰੋਜ਼ ਨੇਮ ਨਾਲ ਗੁਰੂ ਜੀ ਪਾਸ ਆ ਬਿਹਾ ਕਰਨ ਅਤੇ ਕਿੰਨਾ ਕਿੰਨਾ ਚਿਰ ਟਿਕ ਬੈਠ ਕੇ ਉਨ੍ਹਾਂ ਦੇ ਦਰਸ਼ਨ ਕਰਦੇ ਤੇ ਕੰਨ ਲਾ ਕੇ ਬਚਨ ਸੁਣਦੇ ਰਿਹਾ ਕਰਨ। ਨਾਲ ਹੀ ਉਹ ਗੁਰੂ ਜੀ ਵਾਸਤੇ ਦੁੱਧ ਲਿਆ ਕੇ ਬੜੇ ਪ੍ਰੇਮੀ ਨਾਲ ਭੇਟ ਕਰਿਆ ਕਰਨ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਇਕ ਦਿਨ ਗੁਰੂ ਜੀ ਨੇ ਉਹਨਾਂ ਨੂੰ ਕਿਹਾ, 'ਕਾਕਾ ਤੇਰਾ ਕੀ ਨਾਂ ਹੈ? ਤੂੰ ਕੀ ਕੰਮ ਕਰਦਾ ਹੁੰਦਾ ਏਂ?'

**ਬੂੜਾ ਜੀ-** ਸੱਚੇ ਪਾਤਸ਼ਾਹ, ਮੈਂ ਰਮਦਾਸ ਵਿੱਚ ਰਹਿਣ ਵਾਲੇ ਇੱਕ ਜੱਟ ਦਾ ਪੁੱਤ ਹਾਂ। ਮਾਪਿਆਂ ਨੇ ਮੇਰਾ ਨਾਮ ਬੂੜਾ ਰੱਖਿਆ ਹੈ, ਮੈਂ ਮੱਝਾਂ ਚਾਰਿਆ ਕਰਦਾ ਹਾਂ।

**ਗੁਰੂ ਜੀ-**ਤੂੰ ਕੀ ਇੱਛਾ ਧਾਰ ਕੇ ਸਾਡੇ ਪਾਸ ਆਉਂਦਾ ਹੈ? ਤੂੰ ਕੀ ਚਾਹੁੰਦਾ ਹੈ?

**ਬੂੜਾ ਜੀ–** ਸੱਚੇ ਪਾਤਸ਼ਾਹ! ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁਖ ਤੇ ਡਰ ਤੋਂ ਬਚਾਓ, ਇਸ ਚੁਰਾਸੀ ਦੇ ਗੇੜ ਵਿੱਚੋਂ ਕੱਢੋ, ਮੁਕਤੀ ਬਖਸ਼ੋ।

**ਗੁਰੂ ਜੀ–** ਕਾਕਾ! ਤੇਰੀ ਤੇ ਹਾਲਾਂ ਖੇਡਣ–ਮੱਲ੍ਹਣ, ਖਾਣ–ਹਡਾਉਣ ਦੀ ਉਮਰ ਹੈ। ਤੈਨੂੰ ਮੌਤ ਤੇ ਮੁਕਤੀ ਦੇ ਖਿਆਲਾਂ ਨੇ ਕਿਵੇਂ ਆ ਫੜਿਆ? ਵੱਡਾ ਹੋਵੇਂਗਾ ਤਾਂ ਇਹ ਗੱਲਾਂ ਕਰੀਂ।


**ਬੂੜਾ ਜੀ** - ਮਹਾਰਾਜ ਜੀ! ਮੌਤ ਦਾ ਕੀ ਵਸਾਹ? ਕੀ ਪਤਾ ਕਦੋਂ ਆ ਝੱਫੇ! ਖਬਰੇ ਵੱਡਾ ਹੋਵਾਂ ਕਿ ਨਾ ਹੀ ਹੋਵਾਂ।

**ਗੁਰੂ ਜੀ–** ਤੈਨੂੰ ਇੰਨੀ ਛੋਟੀ ਉਮਰੇ ਇਹ ਸੋਚ ਕਿਵੇਂ ਫੁਰੀ, ਕਾਕਾ ਬੂੜਿਆ।

**ਬੂੜਾ ਜੀ-** ਮਹਾਰਾਜ ਜੀ, ਉਹ ਇਉਂ! ਕੁਝ ਚਿਰ ਹੋਇਆ, ਪਠਾਣ ਸਾਡੇ ਪਿੰਡ ਪਾਸ ਦੀ ਲੰਘੇ, ਉਹ ਬਦੋ ਬਦੀ ਸਾਡੀਆਂ ਫਸਲਾਂ ਵੱਢ ਕੇ ਲੈ ਗਏ– ਪੱਕੀਆਂ ਵੀ ਕੱਚੀਆਂ ਵੀ, ਤੇ ਅੱਧ ਪੱਕੀਆਂ ਵੀ। ਓਦੋ ਤੋਂ ਮੈਨੂੰ ਘੜੀ ਮੁੜੀ ਖਿਆਲ ਆਉਂਦਾ ਹੈ ਕਿ ਜਿਵੇਂ ਪਠਾਣ ਕੱਚੀਆਂ ਪੱਕੀਆਂ ਫਸਲਾਂ, ਵੱਢ ਕੇ ਲੈ ਗਏ ਹਨ ਤਿਵੇਂ ਹੀ ਮੌਤ ਵੀ ਬੱਚੇ, ਗਭਰੂ ਅਧਖੜ, ਬੁਢੇ ਨੂੰ ਜਦੋਂ ਜੀ ਕਰੇ ਆ ਨਪੇਗੀ। ਕੀ ਪਤਾ ਮੇਰੀ ਵਾਰੀ ਕਦੋਂ ਆ ਜਾਵੇ? ਇਸ ਕਰਕੇ ਮੈਂ ਮੌਤ ਤੋਂ ਡਰਦਾ ਹਾਂ। ਤੁਹਾਡੇ ਪਾਸ ਇਹ ਆਸ ਧਾਰ ਕੇ ਆਉਂਦਾ ਹਾਂ ਕਿ ਤੁਸੀਂ ਮੇਰਾ ਇਹ ਡਰ ਦੂਰ ਕਰੋਗੇ।

ਗੁਰੂ ਜੀ ਹੱਸ ਪਏ ਅਤੇ ਕਹਿਣ ਲਗੇ, 'ਤੂੰ ਹੈ ਤਾਂ ਬੱਚਾ, ਪਰ ਗੱਲਾਂ ਬੁਢਿਆਂ ਵਾਲੀਆਂ ਕਰਦਾ ਹੈ। ਤੂੰ ਬੱਚਾ ਨਹੀਂ, ਤੂੰ ਬੁਢਾ ਹੈ। ਤਕੜਾ ਹੋ, ਬੁਢੇ ਬਾਲਕਾ! ਰੱਬ ਮੌਤ ਨਾਲੋਂ ਕਿਤੇ ਵਧੇਰੇ ਵੱਡਾ ਤੇ ਬਲਵਾਨ ਹੈ। ਜੇ ਤੂੰ ਉਸ ਦਾ ਹੋ ਜਾਵੇਂ, ਤਾਂ ਮੌਤ ਤੈਨੂੰ ਡਰਾ ਨਾ ਸਕੇਗੀ, ਉਹ ਤੈਥੋਂ ਡਰਨ ਲਗ ਪਵੇਗੀ, ਤੂੰ ਅਮਰ ਹੋ ਜਾਵੇਂਗਾ, ਜਨਮ ਮਰਨ ਦੇ ਗੇੜ ਤੋਂ ਛੁਟ ਜਾਵੇਂਗਾ। ਰੱਬ ਨੂੰ ਹਰ ਵੇਲੇ ਚੇਤੇ ਰਖਿਆ ਕਰ, ਉਸ ਦਾ ਨਾਮ ਜਪਿਆ ਕਰ, ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ, ਉਨ੍ਹਾਂ ਦੀ ਪਿਆਰ ਨਾਲ ਸੇਵਾ ਕਰਿਆ ਕਰ, ਜੋ ਤੇਰੇ ਹਿਰਦੇ ਵਿਚ ਰੱਬ ਦਾ ਡਰ ਭਰ ਜਾਵੇ, ਤੂੰ ਉਸ ਨੂੰ ਖੁਸ਼ ਕਰਨ ਦੇ ਜਤਨ ਕਰਦਾ ਰਹੇਂ, ਤਾਂ ਤੇਰੇ ਮਨ ਵਿੱਚ ਰੱਬ ਲਈ ਪਿਆਰ ਪੈਦਾ ਹੋ ਪਵੇ, ਫੇਰ ਮੌਤ ਦਾ ਵੀ ਤੇ ਹੋਰ ਸਭੇ ਡਰ ਵੀ ਮਿਟ ਜਾਣ, ਤੈਨੂੰ ਮੁਕਤੀ ਮਿਲ ਜਾਵੇਗੀ।

ਉਸ ਦਿਨ ਤੋਂ ਬੁੜਾ ਜੀ ਦਾ ਨਾਂ 'ਬੁਢਾ' ਜੀ ਪੈ ਗਿਆ। ਸਿੱਖ ਉਨ੍ਹਾਂ ਨੂੰ ਸਤਕਾਰ ਨਾਲ ਬਾਬਾ ਬੁਢਾ ਜੀ ਆਖਦੇ ਹਨ। ਬੁਢਾ ਜੀ ਨੇ ਸਿੱਖੀ ਧਾਰਨ ਕੀਤੀ ਉਹ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣ ਗਏ। ਉਹ ਘਰ-ਬਾਰ ਛੱਡ ਕੇ ਗੁਰੂ ਜੀ ਦੇ ਦਰਬਾਰੇ ਰਹਿਣ ਲੱਗ ਪਏ। ਸਾਰਾ ਦਿਨ ਸੰਗਤਾਂ ਦੀ ਸੇਵਾ ਟਹਿਲ ਕਰਦੇ, ਖੇਤਾਂ ਵਿਚ ਜਾ ਕੇ ਖੇਤੀ ਬਾੜੀ ਦਾ ਕੰਮ ਨਿਬਾਹੁੰਦੇ ਅਤੇ ਨਾਮ ਜਪਦੇ ਰਹਿੰਦੇ। ਉਨ੍ਹਾਂ ਨੇ ਆਪਣਾ ਜੀਵਨ ਸਿੱਖਾਂ ਲਈ ਨਮੂਨਾ ਬਣਾਇਆ ਅਤੇ ਗੁਰੂ ਜੀ ਦੇ 'ਨਾਮ ਜਪਣ' ਕਿਰਤ ਕਰਨ ਤੇ ਵੰਡ ਕੇ ਛਕਣ ਦੇ ਉਪਦੇਸ਼ ਨੂੰ ਕਮਾ ਕੇ ਵਿਖਾਇਆ। ਸੰਗਤਾਂ ਆਪ ਨੂੰ ਸਤਕਾਰ ਨਾਲ 'ਬਾਬਾ ਜੀ' ਆਖਣ ਲੱਗ ਪਈਆਂ।



ਸ੍ਰੀ ਗੁਰੂ ਨਾਨਕ ਦੇਵ ਜੀ ਉਨ੍ਹਾਂ ਉਪਰ ਬਹੁਤ ਪਰਸੰਨ ਸਨ, ਇੰਨੇ ਪ੍ਰਸੰਨ ਕਿ ਜਦੋਂ ਆਪ ਨੇ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਨੂੰ ਸੌਂਪੀਂ, ਤਾਂ ਉਨ੍ਹਾਂ ਨੂੰ ਗੁਰਿਆਈ ਦੀ ਰਸਮ ਆਪ ਨੇ ਬਾਬਾ ਬੁਢਾ ਜੀ ਪਾਸੋਂ ਅਦਾ ਕਰਵਾਈ। ਮਗਰੋਂ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਸ਼ਾਹੀ ਨੂੰ ਗੁਰਤਾ ਦੀ ਰਸਮ ਵੀ ਬਾਬਾ ਬੁਢਾ ਜੀ ਹੀ ਅਦਾ ਕਰਦੇ ਰਹੇ।

ਭਗਤੀ ਕਮਾਈ ਦਾ ਸਦਕਾ ਬਾਬਾ ਜੀ ਨੇ ਆਤਮਿਕ ਉੱਚਤਾ ਪਰਾਪਤ ਕੀਤੀ। ਸਿਖ ਸੰਗਤਾਂ ਵਿਚ ਉਹਨਾਂ ਦਾ ਖਾਸ ਸਤਿਕਾਰ ਹੋਣ ਲੱਗ ਪਿਆ। ਜਦ ਪਹਿਲੀ ਪਾਤਸ਼ਾਹੀ ਦੇ ਜੋਤੀ ਜੋਤ ਸਮਾਉਣ ਮਗਰੋਂ ਵੀ ਸ੍ਰੀ ਗੁਰੂ ਅੰਗਦ ਦੇਵ ਗੁਪਤ-ਵਾਸ ਵਿੱਚ ਹੀ ਰਹੇ ਅਤੇ ਆਪ ਦੇ ਦਰਸ਼ਨਾਂ ਦੇ ਅਭਿਲਾਸ਼ੀ ਸਿਖ ਆਪ ਨੂੰ ਲਭ ਨਾ ਸਕੇ, ਤਾਂ ਮੁਖੀ ਸਿਖ ਬਾਬਾ ਬੁਢਾ ਜੀ ਪਾਸ ਪਹੁੰਚੇ, ਜੋ ਉਸ ਵੇਲੇ ਆਪਣੇ ਪਿੰਡ ਰਮਦਾਸ ਰਹਿੰਦੇ ਸਨ, ਅਤੇ ਬੇਨਤੀ ਕੀਤੀ ਕਿ ਆਪਣੀ ਆਤਮਕ ਸ਼ਕਤੀ ਵਰਤ ਕੇ ਪਤਾ ਕਰੋ ਕਿ ਗੁਰੂ ਜੀ ਕਿੱਥੇ ਹਨ ਅਤੇ ਫਿਰ ਉਨ੍ਹਾਂ ਨੂੰ ਪਰਗਟ ਹੋ ਕੇ ਦਰਸ਼ਨ ਦੇਣ ਲਈ ਪ੍ਰੇਰੋ। ਬਾਬਾ ਬੁਢਾ ਜੀ ਨੇ ਰਾਤ ਦੀ ਇਕਾਂਤ ਸਮੇਂ ਪਾਠ ਕਰ ਕੇ, ਗੁਰੂ ਜੀ ਦਾ ਧਿਆਨ ਧਰ ਕੇ ਅਰਦਾਸ ਕੀਤੀ। ਉਨ੍ਹਾਂ ਨੂੰ ਖਡੂਰ ਸਾਹਿਬ ਦੀ ਮਾਈ ਨਿਭਾਈ ਦੇ ਘਰ ਬਿਰਾਜ਼ ਰਹੇ ਗੁਰੂ ਜੀ ਦੇ ਦਰਸ਼ਨ ਹੋਏ। ਅਗਲੀ ਸਵੇਰ ਉਹ ਖਡੂਰ ਸਾਹਿਬ ਗਏ ਅਤੇ ਸੰਗਤਾਂ ਨੂੰ ਗੁਰੂ ਜੀ ਦੇ ਦਰਸ਼ਨ ਕਰਾਏ।

ਇਸੇ ਤਰ੍ਹਾਂ ਜਦ ਤੀਜੇ ਸਤਿਗੁਰੂ, ਦਾਤੂ ਦੇ ਕ੍ਰੋਧ ਤੇ ਈਰਖਾ ਕਰਨ ਕਰਕੇ ਬਾਸਰਕੇ ਜਾ ਕੇ ਗੁਪਤ ਹੋ ਬੈਠੇ ਸਨ, ਤਾਂ ਵੀ ਸੰਗਤਾਂ ਨੇ ਬਾਬਾ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਨੂੰ ਲਭੋ ਤੇ ਪ੍ਰਗਟ ਕਰੋ। ਜਿਸ ਕੋਠੇ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਬੈਠੇ ਸਨ, ਉਸ ਦੀ ਕੰਧ ਨੂੰ ਸਨ੍ਹ ਲਾ ਕੇ ਬਾਬਾ ਜੀ ਨੇ ਆਪ ਨੂੰ ਪ੍ਰੇਰਿਆ ਕਿ ਸੰਗਤਾਂ ਨੂੰ ਦਰਸ਼ਨ ਦਿਓ।

ਜਦ ਪੰਚਮ ਪਾਤਸ਼ਾਹ ਨੇ ਸ੍ਰੀ ਦਰਬਾਰ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੀ ਤਿਆਰੀ ਅਰੰਭੀ ਤਾਂ ਬਾਬਾ ਜੀ ਇਸ ਸਵਾ ਦੇ ਮੋਢੀ ਪ੍ਰਬੰਧਕ ਬਣੇ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਤ ਉਤਰ-ਪੂਰਬ ਦੀ ਬਾਹੀ ਵਲ 'ਬਾਬਾ ਬੁਢਾ ਜੀ' ਦੀ ਬੇਰੀ ਹੁਣ ਤੀਕ ਮੌਜੂਦ ਹੈ। ਇਸੇ ਬੇਰੀ ਹੇਠ ਬਹਿ ਕੇ ਉਹ ਸੰਗਤਾਂ ਪਾਸੋਂ ਠੀਕ ਢੰਗ ਨਾਲ ਸੇਵਾ ਕਰਵਾਇਆ ਕਰਦੇ ਸਨ। ਉਹ ਹੱਥੀ ਸੇਵਾ ਵੀ ਕਰਦੇ ਸਨ। ਸੰਗਤਾਂ ਨੂੰ ਕਹੀਆਂ, ਟੋਕਰੀਆਂ ਤੇ ਹੋਰ ਸਮਿਆਨ ਦਿਆ ਕਰਦੇ ਸਨ ਅਤੇ ਸਾਰੇ ਕੰਮ ਦੀ ਨਿਗਰਾਨੀ ਕਰਿਆ ਕਰਦੇ ਸਨ।

ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਝਬਾਲ ਦੇ ਪਾਸ ਕਾਫੀ ਸਾਰੀ ਭੋਂ ਗੁਰੂ ਜੀ ਨੂੰ ਭੇਟ ਹੋਈ ਸੀ। ਏਥੇ ਗੁਰੂ ਸਾਹਿਬਾਂ ਦਾ ਮਾਲ ਡੰਗਰ ਚਰਿਆ ਕਰਦਾ ਸੀ। ਇਸ ਨੂੰ ਬੀੜ ਆਖਦੇ ਸਨ। ਇਸ ਬੀੜ ਦੀ ਤੇ ਇਸ ਵਿਚਲੇ ਮਾਲ ਡੰਗਰ ਦੀ ਸੰਭਾਲ ਬਾਬਾ ਬੁਢਾ ਜੀ ਨੂੰ ਸੌਂਪੀ ਗਈ। ਬਾਬਾ ਜੀ ਨੇ ਆਪਣੀ ਉਮਰ ਦਾ ਬਹੁਤ ਸਾਰਾ ਹਿੱਸਾ ਇਸ ਬੀੜ ਵਿੱਚ ਗੁਰੂ ਘਰ ਦੀ ਸੇਵਾ ਕਰਦਿਆਂ ਗੁਜਾਰਿਆ। ਇਸ ਬੀੜ ਦਾ ਨਾਂ, ਬਾਬਾ ਬੁਢਾ ਜੀ ਦੀ ਬੀੜ ਜਾਂ ਬਾਬੇ ਦੀ ਬੀੜ ਪੈ ਗਿਆ। ਏਥੇ ਇਸ ਨਾਂ ਦਾ ਇਤਿਹਾਸਕ ਗੁਰਦੁਆਰਾ ਹੈ।

ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬਿਆਸ ਦੇ ਕੰਢੇ ਉੱਤੇ ਸ੍ਰੀ ਗੁਰੂ ਅਰਜਨ ਦੇਵ ਦੇ ਵਸਾਏ ਨਗਰ ਸ੍ਰੀ ਹਰਿਗੋਬਿੰਦ ਪੁਰ ਵਿਚ ਜਾ ਟਿਕੇ ਅਤੇ ਓਥੇ ਉਨ੍ਹਾਂ ਨੂੰ ਜੰਗ ਕਰਨਾ ਪਿਆ, ਤਾਂ ਬਾਬਾ ਬੁਢਾ ਜੀ ਆਪ ਦੇ ਦਰਸ਼ਨਾਂ ਲਈ ਸ੍ਰੀ ਹਰਿਗੋਬਿੰਦ ਪੁਰ ਗਏ। ਉੱਥੇ ਉਨ੍ਹਾਨੇਂ ਬੇਨਤੀ ਕੀਤੀ ਹੁਣ ਮੈਂ ਬਹੁਤ ਬਿਰਧ ਹੋ ਗਿਆ ਹਾਂ। ਬੀੜ ਦੀ ਸੇਵਾ ਤੋਂ ਛੁੱਟੀ ਬਖਸ਼ੋਂ ਅਤੇ ਆਗਿਆ ਕਰੋ ਕਿ ਮੈਂ ਆਪਣੇ ਪਿੰਡ ਰਮਦਾਸ ਜਾ ਕੇ ਭਜਨ ਬੰਦਗੀ ਕਰਦਾ ਉਮਰ ਦੇ ਅਖ਼ੀਰੀ ਦਿਨ ਬਿਤਾਵਾਂ। ਨਾਲ ਹੀ ਬਚਨ ਦਿਓ ਕਿ ਜਦੋਂ ਮੈਂ ਦਰਸ਼ਨਾਂ ਲਈ ਅਰਦਾਸ ਕਰਾਂ, ਆਪ ਨੇ ਜ਼ਰੂਰ ਬਹੁੜਨਾ।"

ਗੁਰੂ ਜੀ ਦੀ ਆਗਿਆ ਲੈ ਕੇ ਬਾਬਾ ਜੀ ਰਮਦਾਸ ਜਾ ਟਿਕੇ ਅਤੇ ਭਜਨ ਬੰਦਗੀ ਵਿੱਚ ਰੁਝ ਗਏ। ਅੰਤ ਨੂੰ ਉਨ੍ਹਾਂ ਨੇ ਪਰਤੀਤ ਕੀਤਾ ਕਿ ਸਾਡੀ ਸਚਖੰਡ ਵਾਪਸੀ ਦਾ ਸਮਾਂ ਆ ਗਿਆ ਹੈ। ਉਨ੍ਹਾਂ ਨੇ ਇੱਕ-ਮਨ ਹੋ ਕੇ ਗੁਰੂ ਜੀ ਨੂੰ ਧਿਆਇਆ ਤੇ ਦਰਸ਼ਨਾਂ ਲਈ ਬੇਨਤੀ ਕੀਤੀ। ਗੁਰੂ ਜੀ ਝਟ ਆ ਬਹੁੜੇ। ਉਨ੍ਹਾਂ ਦੇ ਦਰਸ਼ਨ ਕਰ ਕੇ, ਅਸੀਸ ਲੈ ਕੇ, ਬਾਬਾ ਜੀ ੧੪ ਮੱਘਰ ਸੰਮਤ ੧੬੮੮ ਨੂੰ ਸਚਖੰਡ ਨੂੰ ਪਧਾਰ ਗਏ। ਉਨ੍ਹਾਂ ਦੀ ਉਮਰ ਉਸ ਵੇਲੇ ਸਵਾ ਸੌ ਸਾਲ ਤੋਂ ਵੱਧ ਸੀ।

# ਭਾਈ ਮੱਖਣ ਸ਼ਾਹ ਲੁਬਾਣਾ : ਇੱਕ ਵਿਲੱਖਣ ਸ਼ਖ਼ਸ਼ੀਅਤ

**ਡਾ. ਜਸਵੰਤ ਸਿੰਘ, ਸਾਬਕਾ ਮੁੱਖੀ, ਇਤਿਹਾਸ ਵਿਭਾਗ**
**ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ, ਕਪੂਰਥਲਾ**

ਭਾਈ ਮੱਖਣ ਸ਼ਾਹ ਲੁਬਾਣਾ ਦਾ ਸਿੱਖ ਇਤਿਹਾਸ ਵਿਚ ਇੱਕ ਵਿਲੱਖਣ ਸਥਾਨ ਹੈ। ਉਹ ਗੁਰੂ ਘਰ ਦਾ ਬਹੁਤ ਹੀ ਸ਼ਰਧਾਵਾਨ ਸਿੱਖ ਸੀ। ਉਹ ਗੁਰੂ ਘਰ ਲਈ ਆਪਾ ਵਾਰਨ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਲਈ ਤਿਆਰ ਸੀ। ਉਸ ਨੇ ਗੁਰੂ ਘਰ ਦੇ ਵਿਰੋਧੀਆਂ ਧੀਰ ਮੱਲ, ਰਾਮ ਰਾਏ, ਹਰਿ ਜੀ ਅਤੇ ਹੋਰ ਦੋਖੀਆਂ ਅਤੇ ਦੰਭੀਆਂ ਦਾ ਬਹੁਤ ਡੱਟ ਕੇ ਵਿਰੋਧ ਕੀਤਾ। ਉਸ ਨੇ ਲੋੜ ਪੈਣ ਤੇ ਉਹਨਾਂ ਵਿਰੁੱਧ ਕਾਰਵਾਈ ਵੀ ਕੀਤੀ। ਉਸ ਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਅਤੇ ਮੁਗ਼ਲ ਅਧਿਕਾਰੀਆਂ ਦੀ ਕੋਈ ਪ੍ਰਵਾਹ ਨਾ ਕੀਤੀ ਜੋ ਆਪਣੇ ਢੰਗ-ਤਰੀਕਿਆਂ ਨਾਲ ਗੁਰੂ ਘਰ ਵਿਚ ਦੁਫੇੜ ਪਾਉਣ ਦੀ ਕੋਸ਼ਿਸ਼ ਕਰ ਰੇਹ ਸਨ। ਭਾਈ ਮੱਖਣ ਸ਼ਾਹ ਲੁਬਾਣਾ ਦੀ ਭੂਮਿਕਾ ਉਸ ਸਮੇਂ ਬਹੁਤ ਮਹੱਤਵਪੂਰਨ ਹੋ ਜਾਂਦੀ ਹੈ ਜਦੋਂ ਉਹ ਆਪਣੇ ਲਾਓ-ਲਸ਼ਕਰ ਨਾਲ ਬਕਾਲੇ ਪਿੰਡ ਵਿਚ ਪਹੁੰਚਦਾ ਹੈ। ਉਹ ਮੌਕੇ ਦੀ ਹਕੂਮਤ ਦੀ ਪ੍ਰਵਾਹ ਨਾ ਕਰਦੇ ਹੋਏ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਿਰੋਧੀਆਂ ਨੂੰ ਉਥੋਂ ਭਜਾ ਦਿੰਦਾ ਹੈ। ਉਹ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸੰਗਤਾਂ ਦੇ ਦਰਬਾਰ ਵਿਚ ਲੈ ਕੇ ਆਉਂਦਾ ਹੈ।[1]

ਮੱਖਣ ਸ਼ਾਹ ਲੁਬਾਣਾ ਜਿਹੜਾ ਸਿੱਖ ਇਤਿਹਾਸ ਦੇ ਮੰਚ ਤੇ ਕੁਝ ਚਿਰ ਤੋਂ ਸਿੱਖ ਵਿਸ਼ਵਾਸ ਦਾ ਮੁਦਈ, ਹੱਕ-ਸੱਚ ਤੇ ਇਨਸਾਫ਼ ਦਾ ਪਹਿਰੇਦਾਰ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੁੱਖ ਸਲਾਹਕਾਰ ਅਤੇ ਦੋਖੀਆਂ, ਦੰਭੀਆਂ ਦੇ ਕੱਟੜ ਦੁਸ਼ਮਣ ਵਜੋਂ ਡਟਿਆ ਰਿਹਾ ਸੀ।[2] ਉਹ ਬਾਬਾ ਬਕਾਲਾ ਤੋਂ ਚੱਕ ਨਾਨਕੀ (ਆਨੰਦਪੁਰ ਸਾਹਿਬ) ਵਸਾਉਣ ਤੱਕ ਪੂਰੀ ਸਰਗਰਮੀ ਨਾਲ ਗੁਰੂ ਜੀ ਦੇ ਨਾਲ ਰਿਹਾ। ਇਸ ਤਰ੍ਹਾਂ ਉਸ ਨੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਿਆਈ ਨੂੰ ਸਥਾਪਿਤ ਕਰਨ ਅਤੇ ਕਾਇਮ ਰੱਖਣ ਲਈ ਬਹੁਤ ਹੀ ਸ਼ਲਾਘਾਯੋਗ ਸੇਵਾਵਾਂ ਨਿਭਾਈਆਂ।

ਮੱਖਣ ਸ਼ਾਹ ਇੱਕ ਸਿਦਕੀ ਅਤੇ ਸ਼ਰਧਾਲੂ ਸਿੱਖ ਸੀ। ਉਸ ਦਾ ਗੁਰੂ ਘਰ ਤੇ ਦ੍ਰਿਸ਼ ਵਿਸ਼ਵਾਸ ਸੀ।[3]

ਭਾਈ ਮੱਖਣ ਸ਼ਾਹ ਲੁਬਾਣਾ ਪਿੰਡ ਮੋਟਾ ਟਾਂਡਾ ਪਰਗਣਾ ਮੁਜ਼ੱਫਰਾਬਾਦ ਕਸ਼ਮੀਰ ਵਿਚ ਸੰਨ 1619 ਨੂੰ ਹੋਇਆ।[4] ਉਸ ਦੇ ਪਿਤਾ ਦਾ ਨਾਂ ਦਾਸੇ ਸ਼ਾਹ, ਦਾਦੇ ਦਾ ਨਾਂ ਅਰਥਾ ਅਤੇ ਪੜਦਾਦੇ ਦਾ ਨਾਂ ਬੰਨਾ ਸੀ। ਉਹਨਾਂ ਦੀ ਮਾਤਾ ਦਾ ਨਾਂ ਸਭਰਾਈ ਸੀ।

ਸ੍ਰੀ ਗੁਰੂ ਹਰਿ ਕਿਸ਼ਨ ਜੀ ਦੀ ਗੁਰਗੱਦੀ ਉੱਪਰ ਸਥਾਪਨਾ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੂੰ ਚੰਗੀ ਨਾ ਲੱਗੀ ਜਿਹੜਾ ਕਿ ਸਿੱਖ ਧਰਮ ਵਿਚ ਇਕ ਪੰਚ ਦੀ ਭੂਮਿਕਾ ਨਿਭਾਉਣੀ ਚਾਹੁੰਦਾ ਸੀ। ਉਸ ਨੇ ਬਾਲਕ ਗੁਰੂ ਜੀ ਨੂੰ ਦਿੱਲੀ ਬੁਲਾ ਭੇਜਿਆ। ਉਸ ਦੀ ਇੱਛਾ ਉਸ ਦੇ ਵੱਡੇ ਭਰਾ ਰਾਮ ਰਾਇ ਤੇ ਉਸ ਵਿਚਕਾਰ ਗੱਦੀ ਦੀ ਦਾਅਵੇਦਾਰੀ ਦਾ ਫੈਸਲਾ ਕਰਨ ਦੀ ਸੀ। ਕੁਝ ਝਿਜਕ ਪਿਛੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਗਏ ਤੇ ਰਾਇ ਸੀਨਾ ਦੀ ਉਪਨਗਰੀ ਵਿਚ ਮਿਰਜਾ ਰਾਜਾ ਜੈ ਸਿੰਘ ਦੇ ਨਿਵਾਸ ਅਸਥਾਨ ਵਿਚ ਠਹਿਰੇ।[5]

ਉਧਰ ਦਿੱਲੀ ਵਿਚ ਇਕ ਹੋਰ ਭਾਣਾ ਵਰਤ ਗਿਆ। ਸ਼ਹਿਰ ਵਿਚ ਚੀਚਕ ਦੀ ਵਬਾ ਫੈਲੀ ਹੋਈ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਵੀ ਉਸ ਦੀ ਲਪੇਟ ਵਿਚ ਆ ਗਏ। 30 ਮਾਰਚ 1664 ਈ. ਨੂੰ ਗੁਰੂ ਜੀ ਜੋਤੀ ਜੋਤ ਸਮਾ ਗਏ। ਪਰ ਉਸ ਤੋਂ ਪਹਿਲਾਂ ਆਪਣੇ ਪ੍ਰੇਮੀ ਸਿੱਖ ਦੀਵਾਨ ਦਰਘਾ ਮੱਲ ਨੂੰ ਇਸ਼ਾਰਾ ਕੀਤਾ ਕਿ ਪੰਜ ਪੈਸੇ ਅਤੇ ਇਕ ਨਾਰੀਅਲ ਲੈ ਆਓ। ਜਦੋਂ ਇਹ ਸਿਮਗ੍ਰੀ ਆ ਗਈ ਉਨ੍ਹਾਂ ਆਪਣੀ ਸੱਜੀ ਬੰਹ ਤਿੰਨ ਵਾਰ ਹਿਲਾ ਕੇ ਆਖਿਆ "ਬਾਬਾ ਬਕਾਲੇ"। ਜਿਸ ਦਾ ਭਾਵ ਸੀ ਕਿ ਉਨ੍ਹਾਂ ਦਾ ਜਾਨਸ਼ੀਨ ਉਨ੍ਹਾਂ ਦਾ ਬਾਬਾ ਬਕਾਲੇ ਵਿਚ ਸੀ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬਾਬਾ ਗੁਰਦਿੱਤਾ ਜੀ ਜੋ ਬਾਬਾ ਤੇਗ ਬਹਾਦਰ ਜੀ ਦੇ ਸਭ ਤੋਂ ਵੱਡੇ ਭਰਾ ਸਨ ਦੇ ਪੋਤਰੇ ਸਨ। ਇਸ ਲਈ ਸਾਕੋ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਬਾਬਾ ਹੀ ਸਨ।[6] ਉਸ ਸਮੇਂ ਕੇਵਲ ਬਾਬਾ ਤੇਗ ਬਹਾਦਰ ਜੀ ਹੀ ਬਕਾਲੇ ਸਨ ਅਤੇ ਸੋਢੀ ਖਾਨਦਾਨ ਵਿਚੋਂ ਸਨ। ਸ੍ਰੀ ਗੁਰੂ ਅਮਰਦਾਸ ਜੀ ਰਾਹੀਂ ਬੀਬੀ ਭਾਨੀ ਨੂੰ ਦਿੱਤੇ ਗਏ ਵਰ ਅਨੁਸਾਰ ਗੁਰਿਆਈ ਕੇਵਲ ਸੋਢੀ ਖਾਨਦਾਨ ਵਿਚ ਹੀ ਰਹਿਣੀ ਸੀ।[7]

ਜਿਵੇਂ ਕਿ ਇਤਿਹਾਸਿਕ ਪਿਛੋਕੜ ਵਿਚ ਵਾਪਰਦਾ ਆ ਰਿਹਾ ਸੀ ਕਿ ਹਰ ਗੁਰੂ ਨੇ ਆਪਣਾ ਉਤਰਾਧਿਕਾਰੀ ਚੁਣਨ ਦਾ ਅਧਿਕਾਰ ਹਮੇਸ਼ਾ ਆਪਣੇ ਪਾਸ ਰੱਖਿਆ ਸੀ। ਉਤਰਾਧਿਕਾਰੀ ਚੁਣਨ ਵਿਚ ਕੇਵਲ ਪਹਿਲੇ ਗੁਰੂ ਦੀ ਆਪਣੀ ਇੱਛਾ ਹੀ ਕੰਮ ਕਰਦੀ ਰਹੀ ਹੈ। ਇਸ ਕੰਮ ਨੂੰ ਪੂਰਾ ਕਰਦਿਆਂ ਕਿਸੇ ਵੀ ਗੁਰੂ ਨੇ ਨਾ ਬਾਦਸ਼ਾਦ ਦੀ ਪਰਵਾਹ ਕੀਤੀ ਅਤੇ ਨਾ ਹੀ ਕਿਸੇ ਉਮੀਦਵਾਰ ਦੇ ਵੱਡੇ-ਛੋਟੇ ਜਾਂ ਆਪਣੇ-ਪਰਾਏ ਦੀ ਪਰਵਾਹ ਕੀਤੀ ਸੀ। ਇਸ ਸਮੇਂ ਵੀ ਗੁਰੂ ਹਰਿਕ੍ਰਿਸ਼ਨ ਜੀ ਨੇ ਕੇਵਲ ਤੇ ਕੇਵਲ ਆਪਣੀ ਇੱਛਾ ਅਨੁਸਾਰ ਅਗਲੇ ਉਤਰਾਧਿਕਾਰੀ ਦਾ ਐਲਾਨ ਕਰ ਦਿੱਤਾ ਸੀ। ਅਗਲੇ ਉਤਰਾਧਿਕਾਰੀ ਸੀ ਤੇਗ ਬਹਾਦਰ, ਜਿਹੜੇ ਕਿ ਗੁਰੂ ਹਰਿਕ੍ਰਿਸ਼ਨ ਜੀ ਦੇ ਬਾਬਾ (ਦਾਦਾ) ਜੀ ਲੱਗਦੇ ਸਨ ਅਤੇ ਪਿੱਛੇ ਬਕਾਲਾ ਵਿਖੇ ਰਹਿ ਕੇ ਧਰਮ ਦਾ ਪ੍ਰਚਾਰ ਕਰਦੇ ਸਨ।[8]

ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਸਪੱਸ਼ਟ ਸੰਕੇਤ ਦੇ ਬਾਵਜੂਦ ਗੁਰਗੱਦੀ ਦੇ ਦਾਅਵੇਦਾਰਾਂ ਦੀ ਇੱਕ ਵੱਡੀ ਢਾਣੀ (ਜਿਹਨਾਂ ਦੀ ਸਿੱਖ ਰਵਾਇਤਾਂ ਦੇ ਅਨੁਸਾਰ ਗਿਣਤੀ 22 ਦੱਸੀ ਜਾਂਦੀ ਹੈ) ਬਕਾਲੇ ਆ ਕੇ ਟਿਕ ਗਈ ਤੇ

ਵੱਖ-ਵੱਖ ਥਾਵਾਂ ਨੂੰ ਆਪਣੇ ਗੁਰੂ ਬਣ ਜਾਣ ਦਾ ਢੰਡੋਰਾ ਪਿੱਟਣ ਲਈ ਆਪੋ-ਆਪਣੇ ਮਸੰਦ ਭੇਜ ਦਿੱਤੇ। ਮੁਖੀ ਦਾਅਵੇਦਾਰ ਧੀਰਮੱਲ ਤੇ ਰਾਮ ਰਾਏ ਸਨ।[9] ਅਸਲੀਅਤ ਇਹ ਸੀ ਕਿ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਿਆਈ ਨੂੰ ਮੁੱਢ ਤੋਂ ਹੀ ਮੁਸ਼ਕਲਾਂ ਵਿਚ ਪਾਉਣ ਦੀ ਪੂਰੀ-ਪੂਰੀ ਕੋਸ਼ਿਸ਼ ਕਰ ਰਿਹਾ ਸੀ।[10] ਧੀਰਮੱਲ ਦੀ ਜੈ-ਜੈ-ਕਾਰ ਅਤੇ ਸ਼ਕਤੀ ਨੂੰ ਬਣਾਉਣ ਵਿਚ ਨਿਸ਼ਚੇ ਹੀ ਮੁਗ਼ਲ ਹਕੂਮਤ ਦਾ ਹੱਥ ਸੀ। ਉਸ ਨੇ ਮੁਗ਼ਲ ਸਰਕਾਰ ਦੀ ਸ਼ਹਿ ਤੇ ਆਪਣੇ ਆਪ ਦੇ ਗੁਰੂ ਹੋਣ ਦਾ ਦਾਅਵਾ ਕੀਤਾ।[11]

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਹ ਗਿਆਨ ਅੰਤਰੀਵ ਹੋ ਚੁੱਕਾ ਸੀ ਕਿ ਗੁਰਿਆਈ ਦੀ ਜ਼ਿੰਮੇਵਾਰੀ ਉਹਨਾਂ ਤੇ ਆਈ ਸੀ।[12] ਉਹਨਾਂ ਨੇ ਆਤਮਕ ਤੌਰ ਤੇ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲ ਲਈ ਸੀ। ਪਰ ਗੁਰੂ ਜੀ ਸੰਸਾਰਕ ਤੌਰ ਤੇ ਪ੍ਰਗਟ ਨਹੀਂ ਹੋਏ ਸਨ।[13]

11 ਅਗਸਤ 1664 ਈ. ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਦੇਣ ਦੀ ਮਰਯਾਦਾ ਬਕਾਲਾ ਵਿਖੇ ਸੰਪੂਰਨ ਹੋ ਗਈ ਸੀ। ਦੀਵਾਨ ਦਰਗਹ ਮੱਲ ਜੀ ਨੇ ਪੰਜ ਪੈਸੇ ਅਤੇ ਇਕ ਨਾਰੀਅਲ (ਗੁਰੂ) ਤੇਗ ਬਹਾਦਰ ਜੀ ਅੱਗੇ ਰੱਖ ਕੇ ਮੱਥਾ ਟੇਕਿਆ। ਭਾਈ ਗੁਰਦਿੱਤਾ ਜੀ ਜੋ ਬਾਬਾ ਬੁੱਢਾ ਜੀ ਦੀ ਵੰਸ਼ ਵਿਚੋਂ ਸਨ ਨੇ ਗੁਰਿਆਈ ਦਾ ਟਿੱਕਾ ਗੁਰੂ ਜੀ ਦੇ ਮਸਤਕ ਤੇ ਲਾਇਆ।[14]

ਆਖਰ ਇਸ ਗੱਲ ਦਾ ਨਿਬੇੜਾ ਉਸ ਸਮੇਂ ਹੀ ਹੋਇਆ ਜਦੋਂ ਕਿ ਭਾਈ ਮੱਖਣ ਸ਼ਾਹ ਲੁਬਾਣਾ ਆਪਣੇ ਲਾਓ-ਲਸ਼ਕਰ ਨਾਲ ਬਾਬਾ ਬਕਾਲਾ 9 ਅਕਤੂਬਰ 1664 ਈ. ਨੂੰ ਪਹੁੰਚ ਗਿਆ।[15] ਉਹ ਇਕ ਬਹੁਤ ਹੀ ਅਮੀਰ ਵਪਾਰੀ ਸੀ। ਉਸ ਦਾ ਵਪਾਰ ਦੇਸ਼ ਵਿਦੇਸ਼ ਵਿਚ ਜਲ ਅਤੇ ਥਲ ਰਸਤਿਆਂ ਰਾਹੀਂ ਬਹੁਤ ਹੀ ਯੋਜਨਾਬੱਧ ਤਰੀਕੇ ਨਾਲ ਚੱਲ ਰਿਹਾ ਸੀ। ਉਹ ਬਹੁਤ ਵੱਡੀ ਜਾਇਦਾਦ ਦਾ ਮਾਲਕ ਸੀ। ਉਸ ਕੋਲ ਹਜ਼ਾਰਾਂ ਦੀ ਗਿਣਤੀ ਵਿਚ ਬਲਦ ਅਤੇ ਬੈਲ ਗੱਡੇ ਸਨ। ਉਹ ਬਹੁਤ ਜ਼ਿਆਦਾ ਜ਼ਮੀਨ ਦਾ ਮਾਲਕ ਸੀ ਕਿਉਂਕਿ ਹਜ਼ਾਰਾਂ ਪਸ਼ੂਆਂ ਨੂੰ ਰੱਖਣ ਲਈ ਅਤੇ ਉਹਨਾਂ ਦੇ ਚਾਰੇ ਲਈ ਕਿੰਨੀ ਜ਼ਮੀਨ ਹੋਵੇਗੀ। ਉਹ ਬਹੁਤ ਵੱਡਾ ਸਰਕਾਰੀ ਠੇਕੇਦਾਰ ਸੀ ਜੋ ਮੁਗ਼ਲ ਫੌਜਾਂ ਨੂੰ ਰਾਸ਼ਨ ਅਤੇ ਹੋਰ ਸਮੱਗਰੀ ਪਹੁੰਚਾਉਂਦੇ ਸਨ।[16]

ਇਕ ਵਾਰੀ ਭਾਈ ਮੱਖਣ ਸ਼ਾਹ ਲੁਬਾਣਾ ਸਮਾਨ ਦੇ ਭਰੇ ਹੋਏ ਸਮੁੰਦਰੀ ਜਹਾਜ਼ ਨਾਲ ਪੁਰਤਗੇਜ ਨੂੰ ਚੱਲੇ। ਜਾਂਦੀ ਵਾਰ ਅਧਵਾਟੀ ਯਾਤਰਾ ਵਿਚ ਜਹਾਜ਼ ਬਰੇਤੀ ਵਿਚ ਅੜ ਗਿਆ। ਉਸ ਸਮੇਂ ਭਾਈ ਮੱਖਣ ਸ਼ਾਹ ਬਹੁਤ ਸ਼ਰਧਾ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਪਾਸ ਪ੍ਰਾਰਥਣਾ ਕੀਤੀ। ਨਾਲ ਹੀ ਇਹ ਵੀ ਪ੍ਰਣ ਕੀਤਾ ਕਿ ਜੇਕਰ ਉਸ ਦਾ ਜਹਾਜ਼ ਬਰੇਤੀ ਵਿਚੋਂ ਨਿਕਲ ਕੇ ਆਪਣੇ ਟਿਕਾਣੇ ਤੇ ਪਹੁੰਚ ਜਾਵੇ ਤਾਂ ਉਹ 500 ਮੋਹਰਾਂ ਗੁਰੂ ਜੀ ਨੂੰ ਭੇਟ ਕਰੇਗਾ। ਗੁਰੂ ਜੀ ਦੀ ਅਪਾਰ ਕ੍ਰਿਪਾ ਨਾਲ ਜਹਾਜ ਪਾਰ ਲੱਗ ਗਿਆ। ਗੁਰੂ ਜੀ ਦਾ ਸ਼ੁਕਰਾਨਾ ਕਰਨ ਵਾਸਤੇ ਉਹ ਦਿੱਲੀ ਪਹੁੰਚੇ ਤੇ ਦਿੱਲੀ ਤੋਂ ਬਕਾਲੇ ਪਹੁੰਚੇ।[17] ਉਹਨਾਂ ਦੇ ਨਾਲ ਉਹਨਾਂ ਦੇ ਬੇਟੇ, ਘਰਵਾਲੀ ਅਤੇ ਪੰਜ ਸੌ ਕਰਮਚਾਰੀ ਉਸ ਦੇ ਨਾਲ ਸਨ। ਕੁਝ ਹਾਥੀ ਅਤੇ ਸਸ਼ਤਰਬੱਧ ਸੂਰਮੇ ਵੀ ਸਨ।[18]

ਪਰ ਵਾਹਿਗੁਰੂ ਦਾ ਭਾਣਾ ਮੱਖਣ ਸ਼ਾਹ ਲੁਬਾਣਾ ਸੁਖਣਾ ਦੀ ਮਾਇਆ ਲੈ ਕੇ ਬਕਾਲੇ ਆ ਪੁੱਜਾ।[19] ਭਾਈ ਮੱਖਣ ਸ਼ਾਹ ਲੁਬਾਣਾ ਗੁਰੂਤੱਵ ਨੂੰ ਪਹਿਚਾਨਣ ਵਾਲਾ ਸਿੱਖ ਵੀ ਸੀ ਤੇ ਦਰਸ਼ਨ ਦੀਦਾਰ ਦਾ ਅਭਿਲਾਖੀ ਵੀ ਸੀ। ਜਦੋਂ ਉਸ ਨੇ ਹੱਟੀ ਪਾਈ ਪਾਖੰਡੀਆਂ ਦੇ ਗੁਰੂਤੱਵ ਨੂੰ ਦੇਖਿਆ ਤੇ ਪੇਖਿਆ ਤਾਂ ਉਸ ਨੂੰ ਇਕ ਵੀ ਅਗਵਾਈ ਕਰਨ ਦੇ ਸਮਰੱਥ ਨਾ ਦਿੱਸਿਆ। ਗੁਰੂ ਭਾਲ ਵਿਚ ਹੀ ਉਹ ਗੁਰੂ ਤੇਗ ਬਹਾਦਰ ਜੀ ਵੱਲ ਗਿਆ। ਗੁਰੂ ਪਰਿਵਾਰ ਵਾਸਤੇ ਸ਼ਰਧਾ ਨਾਲ ਭਿੱਜਾ ਅਭਿਨੰਦਨ ਵੀ ਉਸ ਦੇ ਹਿਰਦੇ ਵਿਚ ਸੀ 'ਗੁਰੂ' ਦੀ ਨਿਡਰ, ਨਿਸ਼ਕਾਮ, ਨਿਮ੍ਰਤਾ, ਨਿਰੰਤਰ ਇਕਸੁਰਤਾ ਦੀ ਬਿਰਤੀ ਤੇ ਦ੍ਰਿਸ਼ਟੀ ਵੀ ਉਸ ਨੂੰ ਇਥੋਂ ਹੀ ਦਿਸ ਪਈ। ਭਾਈ ਮੱਖਣ ਸ਼ਾਹ ਲੁਬਾਣਾ ਤਾਂ ਪਹਿਲੀ ਨਦਰ ਵਿਚ ਹੀ ਨਿਹਾਲ ਹੋ ਗਿਆ। ਬਸ ਫੇਰ ਕੀ ਸੀ? ਉਸ ਨੇ ਭਰਪੂਰ ਸਾਹਸ ਤੇ ਵਿਗਾਸ ਨਾਲ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਦਾ ਉੱਚਾ ਨਾਹਰਾ ਮਾਰਿਆ।[20]

ਇਹ ਸੁਣਦੇ-ਸੁਣਦੇ ਹੀ ਸਾਰੀਆਂ ਸੰਗਤਾਂ ਭੱਜ-ਭੱਜ ਗੁਰੂ ਜੀ ਦੇ ਟਿਕਾਣੇ ਆਉਣ ਲੱਗੀਆਂ।[21] ਭਾਈ ਮੱਖਣ ਸ਼ਾਹ ਨੇ ਪੰਜ ਸੌ ਮੋਹਰ ਮੰਨਤ ਦੀ ਤੇ ਸਵਾ ਸੌ ਰੁਪਏ ਕੜਾਹ ਪ੍ਰਸ਼ਾਦ ਵਾਸਤੇ ਗੁਰੂ ਜੀ ਦੇ ਅਰਪਣ ਕੀਤੇ। ਸਭ ਸੰਗਤਾਂ ਨੇ ਯਥਾ ਸ਼ਕਿਤ ਨਜ਼ਰ ਭੇਟਾ ਦੇ ਅੰਬਾਰ ਲਾ ਦਿੱਤੇ।[22] ਭਾਈ ਮੱਖਣ ਸ਼ਾਹ ਲੁਬਾਣਾ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ, "ਹੁਣ ਕਿਸੇ ਭਰਮ ਭੁਲੇਖੇ ਵਿਚ ਨਾ ਪੈਣਾ। ਗੁਰੂ ਤੇਗ ਬਹਾਦਰ ਜੀ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਬਾਅਦ ਗੁਰੂ ਹਨ ਅਤੇ ਬਾਬਾ ਆਖ ਕੇ ਉਨ੍ਹਾਂ ਨੇ ਇਨ੍ਹਾਂ ਦਾ ਹੀ ਸੱਚਾ ਪਤਾ ਦਿੱਤਾ ਸੀ। ਸੱਚੇ ਗੁਰੂ ਨੂੰ ਛੱਡ ਕੇ ਇਧਰ ਉਧਰ ਭਟਕਣ ਦੀ ਹੁਣ ਲੋੜ ਨਹੀਂ।"[23]

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰਿਆਈ ਸੰਭਾਲਣ ਤੇ ਧੀਰਮੱਲ ਅਤੇ ਰਾਮ ਰਾਏ ਹੋਰ ਦੁੱਖੀ ਹੋਏ। ਧੀਰਮੱਲ ਨੇ ਗੁਰੂ ਜੀ ਨੂੰ ਕਤਲ ਕਰਨ ਦੀ ਕੋਸ਼ਿਸ਼ ਕੀਤੀ। ਪ੍ਰੰਤੂ ਸ਼ੀਹਾ ਮਸੰਦ ਉਸ ਦੇ ਇਰਾਦੇ ਨੂੰ ਸਿਰੇ ਚੜ੍ਹਾਉਣ ਵਿਚ ਅਸਫਲ ਰਿਹਾ।[24] ਇਸ ਤੋਂ ਇਲਾਵਾ ਧੀਰਮੱਲ ਤੇ ਉਸ ਦੇ ਆਦਮੀ ਗੁਰੂ ਘਰ ਦਾ ਸਾਰਾ ਕੀਮਤੀ ਸਮਾਨ ਵੀ ਲੈ ਗਏ। ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਨੂੰ ਇਸ ਸਾਰੀ ਵਾਰਦਾਤ ਦਾ ਪਤਾ ਲੱਗਾ ਤਾਂ ਉਸ ਨੇ ਆਪਣੇ ਲਾਓ-ਲਸ਼ਕਰ ਨਾਲ ਧੀਰਮੱਲ ਦੇ ਟਿਕਾਣੇ ਤੇ ਹਮਲਾ ਕਰ ਦਿੱਤਾ। ਉਹਨਾਂ ਨੂੰ ਕੁੱਟ ਕੇ, ਹਰਾ ਕੇ ਸ਼ੀਹਾ ਮਸੰਦ ਜਿਸ ਨੇ ਗੁਰੂ ਜੀ ਤੇ ਗੋਲੀ ਚਲਾਈ ਸੀ ਉਸ ਦੀ ਮਸ਼ਕਾ ਬੰਨ ਲਈਆਂ। ਧੀਰਮੱਲ ਤੇ ਉਸਦਿਆਂ ਬਾਕੀ ਆਦਮੀਆਂ ਨੂੰ ਪਕੜ ਲਿਆ। ਲੁੱਟ ਦਾ ਸਾਰਾ ਸਮਾਨ ਅਤੇ ਧੀਰਮੱਲ ਦਾ ਵੀ ਸਾਰਾ ਸਮਾਨ ਇਕੱਠਾ ਕਰ ਲਿਆ। ਗੁਰੂ ਘਰ ਕੇ ਵਿਰੋਧੀ ਤੇ ਸਾਰਾ ਸਮਾਨ ਗੁਰੂ ਜੀ ਕੋਲ ਲੈ ਆਏ। ਪਰ ਰਹਿਮ ਦਿਲ ਗੁਰੂ ਜੀ ਨੇ ਉਹਨਾਂ ਦੇ ਮਹਿਸੂਸ ਕਰਨ ਤੇ ਉਹਨਾਂ ਨੂੰ ਕੇਵਲ ਮੁਆਫ਼ ਹੀ ਨਹੀਂ ਕੀਤਾ ਸਗੋਂ ਸਾਰਾ ਸਮਾਨ ਵੀ ਵਾਪਸ ਦੇ ਦਿੱਤਾ।[25]

22 ਨਵੰਬਰ 1664 ਈ. ਨੂੰ ਜਦੋਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅੰਮ੍ਰਿਤਸਰ ਗਏ ਤਾਂ ਹਰਿਮੰਦਰ ਸਾਹਿਬ ਉੱਤੇ ਸੋਢੀ ਹਰਿ ਜੀ ਦਾ ਕਬਜ਼ਾ ਸੀ। ਇਸ ਦੇ ਇਸ਼ਾਰੇ ਉੱਤੇ ਹੀ ਮਸੰਦਾਂ ਨੇ ਸੱਚਖੰਡ ਸ੍ਰੀ ਹਰਿਮੰਦਰ

ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਅਤੇ ਕੀਰਤਨ ਰੋਕ ਦਿੱਤਾ। ਉਸ ਨੂੰ ਪੱਕਾ ਯਕੀਨ ਸੀ ਕਿ ਜੇ ਗੁਰੂ ਤੇਗ ਬਹਾਦਰ ਭਾਈ ਮੱਖਣ ਸ਼ਾਹ ਲੁਬਾਣਾ ਦੀ ਹਮਾਇਤ ਨਾਲ ਹਰਿਮੰਦਰ ਸਾਹਿਬ ਤੇ ਕਾਬਜ ਹੋ ਗਏ ਤਾਂ ਇਨ੍ਹਾਂ ਨੇ ਫਿਰ ਕਦੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਖਾਲੀ ਨਹੀਂ ਕਰਨਾ। ਇਹ ਵੀ ਬਾਬਾ ਬਕਾਲਾ ਵਿਖੇ 22 ਮੰਜੀ ਬਰਦਾਰਾਂ ਵਿਚੋਂ ਇਕ ਸੀ। ਜਦੋਂ ਦਿੱਲੀ ਤੇ ਕੀਰਤਪੁਰ ਸਾਹਿਬ ਤੋਂ ਆਈ ਸੰਗਤ ਨੇ ਬਾਬਾ ਤੇਗ ਬਹਾਦਰ ਨੂੰ ਗੁਰਗੱਦੀ ਦਾ ਤਿਲਕ ਲਾ ਦਿੱਤਾ ਤਾਂ ਇਹ ਅੰਮ੍ਰਿਤਸਰ ਆ ਗਿਆ। ਉਹ ਅੰਦਰੋਂ ਗੁਰੂ ਜੀ ਨਾਲ ਰੜਕ ਰੱਖਦਾ ਸੀ।[26] ਭਾਈ ਸੰਤੋਖ ਸਿੰਘ ਦਾ ਲਿਖਣਾ ਹੈ ਕਿ ਮਸੰਦਾਂ ਦਾ ਕਰਤਵ ਦੇਖ ਕੇ ਭਾਈ ਮੱਖਣ ਸ਼ਾਹ ਸਤਿਗੁਰਾਂ ਨੂੰ ਕਹਿਣ ਲੱਗਾ ਕਿ ਇਹ ਦਰਬਾਰ ਤੁਹਾਡੇ ਦਾਦੇ ਨੇ ਬਣਾਇਆ ਸੀ, ਫਿਰ ਕੌਣ ਹੁੰਦੇ ਨੇ ਤੁਹਾਨੂੰ ਰੋਕਣ ਵਾਲੇ। ਜੇ ਹੁਕਮ ਹੋਵੇ ਤਾਂ ਮੈਂ ਇਨ੍ਹਾਂ ਨਾਲ ਉਹੋ ਜਹੀ ਕਰਾਂ, ਜਿਹੋ ਜਿਹੀ ਧੀਰਮੱਲ ਨਾਲ ਕੀਤੀ ਸੀ।[27] ਭਾਈ ਮੱਖਣ ਸ਼ਾਹ ਆਦਿ ਮੁਖੀ ਸਿੱਖ ਸਿੱਧੇ ਐਕਸ਼ਨ ਲਈ ਤਿਆਰ ਸਨ ਕਿ ਸ੍ਰੀ ਦਰਬਾਰ ਸਾਹਿਬ ਸਮੇਤ ਸਾਰੀਆਂ ਇਮਾਰਤਾਂ ਦੇ ਦਰਵਾਜ਼ਿਆਂ ਨੂੰ ਜਬਰਦਸਤੀ ਖੋਲ੍ਹ ਲਿਆ ਜਾਵੇ। ਪਰ ਗੁਰੂ ਜੀ ਨੇ ਰੋਕਦਿਆਂ ਕਿਹਾ ਕਿ ਅਸੀਂ ਕਿਸੇ ਨੇ ਜਬਰਦਸਤੀ ਨਹੀਂ ਕਰਨੀ।[28]

ਅਕਤੂਬਰ–ਨਵੰਬਰ ਦੇ ਮਹੀਨਿਆਂ ਵਿਚ ਹੀ ਮਾਝੇ ਅਤੇ ਦੁਆਬੇ ਦੇ ਪਿੰਡਾਂ ਵਿਚ ਸੰਗਤਾਂ ਨੂੰ ਦਰਸ਼ਨ ਦਿੰਦੇ ਹੋਏ ਧਰਮ ਪ੍ਰਚਾਰ ਕਰ ਰਹੇ ਸਨ। ਚੋਲ੍ਹਾ ਸਾਹਿਬ, ਪਲਜੀ ਨਗਰ, ਚੱਕ ਗੁਰੂ, ਹਕੀਮਪੁਰ, ਦੁਰਗਾਪੁਰ ਅਤੇ ਨਵਾਂਸ਼ਹਿਰ ਆਦਿ ਐਸੀਆਂ ਥਾਵਾਂ ਹਨ ਜਿਥੇ–ਜਿਥੇ ਗੁਰੂ ਸਾਹਿਬ ਪਹੁੰਚੇ ਸਨ ਜਾਂ ਵਿਚੋਂ ਗੁਜਰੇ ਸਨ ਤੇ ਜਾਂ ਰਾਤ ਦਾ ਠਹਿਰਾਅ ਕੀਤਾ ਸੀ। ਉਪਰੰਤ ਗੁਰੂ ਸਾਹਿਬ ਅਤੇ ਉਨ੍ਹਾਂ ਦਾ ਸਮੁੱਚਾ ਲਾਓ–ਲਸ਼ਕਰ ਸਮੇਤ ਬਾਈ ਮੱਖਣ ਸ਼ਾਹ ਦੇ ਕੀਰਤਪੁਰ ਸਾਹਿਬ ਵਿਖੇ ਪਹੁੰਚ ਗਿਆ।[29]

ਕੀਰਤਪੁਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਈਰਖਾਲੂ ਸ਼ਰੀਕੇ ਨਾਲ ਭਰਿਆ ਪਿਆ ਸੀ। ਗੁਰੂ ਜੀ ਦੇ ਸੋਢੀ ਸ਼ਰੀਕਾਂ ਨੂੰ ਇਹ ਚੰਗਾ ਨਾ ਲੱਗਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਏਨੀ ਮਾਨਤਾ ਹੋਵੇ ਅਤੇ ਇਹਨਾਂ ਨੂੰ ਏਨੀ ਭੇਟਾ[30] ਵੀ ਚੜ੍ਹੇ। ਉਹਨਾਂ ਦੀ ਈਰਖਾ ਦਿਨ–ਬ–ਦਿਨ ਵਧਦੀ ਗਈ। ਗੁਰੂ ਜੀ ਨੇ ਭਾਈ ਮੱਖਣ ਸ਼ਾਹ ਲੁਬਾਣਾ ਅਤੇ ਕਿਰਪਾਲ ਚੰਦ ਨਾਲ ਸਲਾਹ ਕਰਕੇ ਕੀਰਤਪੁਰ ਨੂੰ ਛੱਡਣ ਅਤੇ ਨਵਾਂ ਨਗਰ ਵਸਾਉਣ ਦਾ ਫੈਸਲਾ ਕੀਤਾ।[31] ਗੁਰੂ ਜੀ ਕਹਿਲੂਰ ਦੀ ਵਿਧਵਾ ਰਾਣੀ ਚੰਪਾ ਤੋਂ ਮਾਖੋਵਾਲ ਵਾਲੀ ਥਾਂ 500 ਰੁਪਏ ਦੀ ਖਰੀਦ ਲਈ।[32] ਇਸ ਲਈ ਸਿੱਖ ਸੰਗਤਾਂ ਨੇ ਕਾਫੀ ਮਾਇਆ ਭੇਟਾ ਕੀਤੀ। ਭਾਈ ਮੱਖਣ ਸ਼ਾਹ ਲੁਬਾਣਾ ਕਿਉਂਕਿ ਬਹੁਤ ਅਮੀਰ ਆਦਮੀ ਸੀ। ਉਸ ਨੇ ਮਾਇਕ ਤੌਰ ਤੇ ਕਾਫੀ ਸੇਵਾ ਕੀਤੀ।[33] ਨਵੇਂ ਥਾਂ ਵਸਾਉਣ ਵਾਸਤੇ 19 ਜੂਨ 1665 ਈ. ਨੂੰ ਨੀਂਹ ਬਾਬਾ ਗੁਰਦਿੱਤਾ ਜੀ ਰੰਧਾਵਾ ਨੇ ਰੱਖੀ। ਇਸ ਨਵੀਂ ਬਸਤੀ ਦਾ ਨਾਉਂ ਗੁਰੂ ਸਾਹਿਬ ਦੀ ਪੂਜਨੀਕ ਮਾਤਾ ਦੇ ਨਾਉਂ ਤੇ ਚੱਕ ਨਾਨਕੀ ਰੱਖਿਆ ਗਿਆ। ਇਥੇ ਛੋਟੀ ਜਿਹੀ ਬਸਤੀ ਨੇ ਹੌਲੀ–ਹੌਲੀ ਵਿਕਸਿਤ ਹੋ ਕੇ ਅਜੋਕੇ ਸ੍ਰੀ ਅਨੰਦਪੁਰ ਸਾਹਿਬ ਦੀ ਸੁੰਦਰ ਨਗਰੀ ਦਾ ਰੂਪ ਧਾਰਨ ਕਰ ਲਿਆ।[34]

ਅਖੀਰ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਭਾਈ ਮੱਖਣ ਸ਼ਾਹ ਲੁਬਾਣਾ ਦਾ ਸਿੱਖ ਇਤਿਹਾਸ ਵਿਚ ਵਿਲੱਖਣ ਸਥਾਨ ਹੈ। ਉਹ ਗੁਰੂ ਘਰ ਦਾ ਬਹੁਤ ਹੀ ਸ਼ਰਧਾਵਾਨ ਸਿੱਖ ਸੀ। ਉਹ ਅੰਤਰਰਾਸ਼ਟਰੀ ਪੱਧਰ ਦਾ ਬਹੁਤ ਅਮੀਰ ਵਪਾਰੀ ਸੀ। ਉਸ ਸਮੇਂ ਮੁਗ਼ਲ ਹਕੂਮਤ ਦੀ ਪ੍ਰਵਾਹ ਨਾ ਕਰਦੇ ਹੋਏ ਧੀਰ ਮੱਲ, ਰਾਮ ਰਾਏ, ਹਰਿ ਜੀ ਅਤੇ ਹੋਰ ਦੋਖੀਆਂ ਅਤੇ ਦੰਭੀਆਂ ਦਾ ਸਮੇਂ ਦੀ ਲੋੜ ਅਨੁਸਾਰ ਬਹੁਤ ਡੱਟ ਕੇ ਵਿਰੋਧ ਕੀਤਾ। ਉਸ ਦੇ ਜੀਵਨ ਦਾ ਸਭ ਤੋਂ ਉੱਤਮ ਕੰਮ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰਨਾ ਸੀ। ਇਸ ਤਰ੍ਹਾਂ ਉਸ ਨੇ ਗੁਰੂ ਜੀ ਦੀ ਗੁਰਿਆਈ ਨੂੰ ਸਥਾਪਿਤ ਕਰਨ ਅਤੇ ਬਾਅਦ ਵਿਚ ਕਾਇਮ ਰੱਖਣ ਲਈ ਬਹੁਤ ਵਿਲੱਖਣ ਸੇਵਾਵਾਂ ਨਿਭਾਈਆਂ।

---

(1) ਸੁਖਦਿਆਲ ਸਿੰਘ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ : ਇਤਿਹਾਸ ਅਤੇ ਵਿਚਾਰਧਾਰਾ, 2021, ਪੰਨਾ 64.

(2) ਪ੍ਰਿੰ. ਸੇਵਾ ਸਿੰਘ ਕੌੜਾ, ਗੁਰੂ ਤੇਗ ਬਹਾਦਰ, ਸਫ਼ਰ, ਸੰਦੇਸ਼ ਤੇ ਸ਼ਹਾਦਤ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 2015, ਪੰਨਾ 113.

(3) ਗੁਲਚਰਨ ਸਿੰਘ, ਮੱਖਣ ਸ਼ਾਹ ਲੁਬਾਣਾ, ਸੁਜਲਾਣਾ ਪਬਲਿਸ਼ਰਜ਼, ਜਲੰਧਰ 1975, ਪੰਨਾ 24 ਅਤੇ

ਮੱਖਣ ਸ਼ਾਹ ਏਕ ਸਿਖ ਭਾਰਾ।
ਗੁਰ ਸਿੱਖੀ ਕੋ ਮਹਕ ਅਧਾਰਾ।

ਭਾਈ ਸੰਤੋਖ ਸਿੰਘ, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ॥ ਅੰਗ 3, ਜਿਲਦ 10, 2 ਵਜ਼ੀਰ–ਏ–ਹਿੰਦ ਪ੍ਰੈੱਸ, ਅੰਮ੍ਰਿਤਸਰ (ਦੁਬਾਰਾ ਛਪੀ–ਪਹਿਲੀ ਵਾਰ ਛਪੀ 1931, ਪੰਨਾ 3986 ਅਤੇ

ਇਕ ਮਖਨ ਸ਼ਾਹ ਲੁਬਾਨਾ ਆਹ।
ਦ੍ਰਿੜ ਪ੍ਰਤੀਤ ਗੁਰ–ਪ੍ਰੇਮੀ ਰਹਾ।

ਸਰੂਪ ਦਾਸ ਭੱਲਾ, ਮਹਿਮਾ ਪਰਕਾਸ, ਭਾਗ 2, ਪੰਜਾਬ ਭਾਸ਼ਾ ਵਿਭਾਗ, ਪਟਿਆਲਾ 1971, ਪੰਨਾ 661.

(4) ਪ੍ਰੋ. ਪਿਆਰਾ ਸਿੰਘ ਪਦਮ, "ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਸਿੱਖ ਤੇ ਸਨੇਹੀ", ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, (ਸੰਪਾਦਕ) ਤਾਰਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1997 (ਤੀਜੀ ਵਾਰ ਛਪੀ), ਪੰਨਾ 194.

ਬਾਬਾ ਮੱਖਣ ਸ਼ਾਹ ਬੇਟਾ ਦਾਸੇ ਕਾ, ਪੋਤਾ ਅਰਥੇ ਕਾ, ਪੜੋਤਾ ਬਨੇ ਕਾ, ਨਾਤੇ ਬਹੋੜ ਕੇ, ਉਲਾਦ ਸਾਉਣ ਕੀ। ਸਰੂਪ ਸਿੰਘ ਕੋਸ਼ਿਸ਼, ਗੁਰੂ ਕੀਆਂ ਸਾਖੀਆਂ, ਸਾਖੀ ਨੰ. 34 ਸੰਪਾਦਕ ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ 2014 (ਸਤਵੀ ਵਾਰ ਛਪੀ), ਪੰਨਾ 25.

(5) ਖੁਸ਼ਵੰਤ ਸਿੰਘ, ਸਿੱਖ ਇਤਿਹਾਸ (1469–1839), ਭਾਗ ਪਹਿਲਾ ਅਨੁਵਾਦਕ ਡਾ. ਗੁਰਚਰਨ ਸਿੰਘ ਔਲਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ 2013 (ਦੂਜੀ ਵਾਰ ਛਪੀ) ਪੰਨਾ 76.

(6) ਭਾਈ ਜੋਧ ਸਿੰਘ, "ਗੁਰੂ ਤੇਗ ਬਹਾਦਰ ਜੀ : ਜੀਵਨ, ਸ਼ਹੀਦੀ ਤੇ ਉਸ ਦਾ ਸਿੱਖ ਸੰਗਤਾਂ ਪੁਰ ਅਸਰ" ਗੁਰੂ ਤੇਗ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ, ਸੰਪਾਦਕ ਤਾਰਨ ਸਿੰਘ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1997, (ਤੀਜੀ ਵਾਰ ਛਪੀ), ਪੰਨਾ 37.

(7) ਸ. ਹੁਕਮ ਸਿੰਘ, "ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ" ਗੁਰੂ ਤੇਗ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਨਾ 243.

(8) ਡਾ. ਸੁਖਦਿਆਲ ਸਿੰਘ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਇਤਿਹਾਸ ਤੇ ਵਿਚਾਰਧਾਰਾ, ਪੰਨਾ 62.

(9) ਖੁਸ਼ਵੰਤ ਸਿੰਘ, ਸਿੱਖ ਇਤਿਹਾਸ (1469-1839), ਭਾਗ ਪਹਿਲਾ ਅਨੁਵਾਦਕ ਡਾ. ਗੁਰਚਰਨ ਸਿੰਘ ਔਲਖ, ਪੰਨਾ 76.

(10) ਡਾ. ਸੁਖਦਿਆਲ ਸਿੰਘ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ : ਇਤਿਹਾਸ ਅਤੇ ਵਿਚਾਰਧਾਰਾ, ਪੰਨਾ 64.

(11) ਪ੍ਰੋ. ਜੋਗਿੰਦਰ ਸਿੰਘ, "ਗੁਰੂ ਤੇਗ ਬਹਾਦਰ ਜੀ ਦੀ ਸਿੱਖ ਲਹਿਰ ਨੂੰ ਦੇਣ" ਗੁਰੂ ਤੇਗ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਨਾ 187.

(12) ਸ. ਹੁਕਮ ਸਿੰਘ, "ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ", ਗੁਰੂ ਤੇਗ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਨਾ 243.

(13) ਪ੍ਰੋ. ਕਿਰਪਾਲ ਸਿੰਘ ਬਡੂੰਗਰ, "ਧਰਮ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ", ਸ੍ਰੀ ਗੁਰੂ ਤੇਗ ਬਹਾਦਰ ਜੀ : ਜੀਵਨ, ਬਾਣੀ ਅਤੇ ਸ਼ਹਾਦਤ, ਸੰਪਾਦਕ ਡਾ. ਕਿਰਨਦੀਪ ਕੌਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ 2020, ਪੰਨਾ 3.

(14) ਪ੍ਰਿੰ. ਸੇਵਾ ਸਿੰਘ ਕੌੜਾ, ਗੁਰੂ ਤੇਗ ਬਹਾਦਰ : ਸਖ਼ਸ਼ੀਅਤ, ਸਫ਼ਰ, ਸੰਦੇਸ਼ ਤੇ ਸ਼ਹਾਦਤ, ਪੰਨਾ 76.

(15) ਡਾ. ਸੁਖਦਿਆਲ ਸਿੰਘ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ : ਇਤਿਹਾਸ ਅਤੇ ਵਿਚਾਰਧਾਰਾ, ਪੰਨਾ 64.

16. ਦੱਛਣ ਕੇ ਟਾਂਡਾ ਕੋ ਨਾਇਕ।
ਲਛ ਬੈਲ ਜਹਿ ਚਲੈ ਸਹਾਇਕ।
ਬਨਜ ਬਪਾਰ ਬਿਤ ਬ੍ਰਿਤ ਲਾਗਾ।
ਨਿਸ ਦਿਨ ਰਸ ਮਾਇਆ ਕੇ ਪਾਗਾ।
ਸੁੱਖ ਸਿੰਘ, ਗੁਰਬਿਲਾਸ ਪਾਤਸ਼ਾਹੀ ਦਸਵੀ, ਪੰਨਾ 7 ਅਤੇ
ਕਰਿ ਸੌਦਾ ਬਹੁ ਚਢਯੋ ਜਹਾਜ਼।
ਅਨਿਕ ਵਸਤੁ ਲੇ ਬਣਜਾਇ ਕਾਜ।
ਭਾਈ ਸੰਤੋਖ ਸਿੰਘ, ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ, ਰਾਸਿ ॥ ਅੰਸੂ 3, ਜਿਲਦ 10, 2 ਵਜ਼ੀਰ-ਏ-ਹਿੰਦ ਪ੍ਰੈੱਸ, ਅੰਮ੍ਰਿਤਸਰ 1935 (ਦੁਬਾਰਾ ਛਪੀ-ਪਹਿਲੀ ਵਾਰ ਛਪੀ 1931) ਪੰਨਾ 3986 ਅਤੇ
ਵੇ ਕਰੇ ਤਜਾਰਤ ਭਰੇ ਜਹਾਜ਼।
ਤਿਸ ਪੜੇ ਭੀੜ ਗੁਰ ਪੂਰੇ ਕਾਜ ॥5 ॥
ਤਿਸ ਭਰੀ ਨਾਵ ਇਕ ਮਾਲ ਕੀ ਬੰਦਰ ਕੋ ਦਈ ਚਲਾਇ।
ਜਾਇ ਪਈ ਜਲ ਭਵਰ ਮੋ ਡਗਮਗ ਡੁਬਣ ਭਾਇ ॥6 ॥
ਤਬ ਮਖਣ ਸ਼ਾਹ ਸਤਿਗੁਰ ਚਿਤਾਰਾ।
ਤਿਸ ਬਡੀ ਪ੍ਰਤੀਤ ਇਸਟ ਗੁਰ ਪਿਆਰਾ ॥
ਮਹਿਮਾ ਪਚਕਾਮ, ਭਾਗ 2, ਪੰਨਾ 611.

(17) ਗਿਆਨੀ ਹਰਨਾਮ ਸਿੰਘ, ਲੁਬਾਣਾ ਇਤਿਹਾਸ, ਗੁਰਬਾਣੀ ਪ੍ਰੈਸ, ਅੰਮ੍ਰਿਤਸਰ 1966, ਪੰਨੇ 218-19.

(18) ਪ੍ਰਿੰਸੀਪਲ ਸਤਿਬੀਰ ਸਿੰਘ, "ਸਾਖੀ ਗੁਰੂ ਤੇਗ ਬਹਾਦਰ ਜੀ ਦੀ", ਗੁਰੂ ਤੇਗ ਬਹਾਦਰ : ਜੀਵਨ, ਸੰਕੇਤ ਤੇ ਸ਼ਹਾਦਤ, ਪੰਨਾ 55.

(19) ਸ. ਹੁਕਮ ਸਿੰਘ, 'ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ', ਗੁਰੂ ਤੇਗ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ (ਸੰਪਾਦਕ ਤਾਰਨ ਸਿੰਘ) ਪੰਨਾ 244.

(20) ਪ੍ਰੋ. ਜੋਗਿੰਦਰ ਸਿੰਘ, ਗੁਰੂ ਤੇਗ ਬਹਾਦਰ ਜੀ ਦੀ ਸਿੱਖ ਲਹਿਰ ਨੂੰ ਦੇਣ, ਗੁਰੂ ਤੇਗ ਬਹਾਦਰ, ਜੀਵਨ ਸੰਦੇਸ਼ ਤੇ ਸ਼ਹਾਦਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1997, ਤੀਜੀ ਛਾਪ, ਪੰਨਾ 187. ਪੰਨਾ 189.

(21) ਪ੍ਰਿੰ. ਸਤਿਬੀਰ ਸਿੰਘ, "ਸਾਖੀ ਗੁਰੂ ਤੇਗ ਬਹਾਦਰ ਜੀ ਕੀ", ਗੁਰੂ ਤੇਗ ਬਹਾਦਰ : ਜੀਵਨ ਸੰਦੇਸ਼ ਤੇ ਸ਼ਹਾਦਤ - ਪੰਨੇ 56-57.

(22) ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖਾਲਸਾ, ਹਿੱਸਾ ਪਹਿਲਾ, ਪੰਨਾ 645.

(23) ਪ੍ਰਿੰ. ਸਤਿਬੀਰ ਸਿੰਘ, "ਸਾਖੀ ਗੁਰੂ ਤੇਗ ਬਹਾਦਰ ਜੀ ਕੀ", ਗੁਰੂ ਤੇਗ ਬਹਾਦਰ : ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਨੇ 56-57

(24) ਖੁਸ਼ਵੰਤ ਸਿੰਘ, ਸਿੱਖ ਇਤਿਹਾਸ (1469-1839) ਅਨੁਵਾਦਕ ਡਾ. ਗੁਰਚਰਨ ਸਿੰਘ ਔਲਖ, ਭਾਗ ਪਹਿਲਾ ਲਾਹੌਰ ਬੁੱਕ ਸ਼ਾਪ, ਲੁਧਿਆਣਾ 2013, ਦੂਜੀ ਵਾਰ ਛਪੀ, ਪੰਨਾ 77.

(25) ਧੀਰਮੱਲ ਨੇ ਧਰਿ ਸਭ ਕੀ ਨਜਿ ਬਲ ਜਤਿ ਕਾਨਿ ॥੧॥ ਚੌਪੀ ॥
ਮੱਖਣ ਲਿਯੇ ਸੈਣ ਕੌ ਆਵਾ।'ਕਰੋ ਜੁੱਧ ਮੈਂ ਬਾਕ ਅਲਾਵਾ।
ਸੰਗਤਿ ਮਹਿ ਨਰ ਆਯਧ ਧਾਰੇ। ਕਰੋ ਸੈਕੇਲਿਨ ਸਕਲ ਹਕਾਰੇ।
ਭਾਈ ਸੰਤੋਖ ਸਿੰਘ, ਸ੍ਰੀ ਗੁਰੂ ਪ੍ਰਤਾਪਿ ਸੂਰਜ ਗ੍ਰੰਥ, ਜਿਲਦ 10, ਖਾਲਸਾ ਸਮਾਚਾਰ, ਅੰਮ੍ਰਿਤਸਰ 1955 (ਤੀਜੀ ਵਾਰ), ਪੰਨਾ 4033.

(26) ਪ੍ਰਿੰ. ਸੇਵਾ ਸਿੰਘ ਕੌੜਾ, ਗੁਰੂ ਤੇਗ ਬਹਾਦਰ : ਸਖ਼ਸ਼ੀਅਤ, ਸਫ਼ਰ, ਸੰਦੇਸ਼ ਤੇ ਸ਼ਹਾਦਤ, ਪੰਨਾ 95.

(27) ਉਹੀ, ਪੰਨਾ 98.

(28) ਡਾ. ਸੁਖਦਿਆਲ ਸਿੰਘ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਇਤਿਹਾਸ ਅਤੇ ਵਿਚਾਰਧਾਰਾ, ਪੰਨੇ 65-66.

(29) ਡਾ. ਸੁਖਦਿਆਲ ਸਿੰਘ, ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ : ਇਤਿਹਾਸ ਅਤੇ ਵਿਚਾਰਧਾਰਾ, ਪੰਨਾ 69.

(30) ਗੁਲਚਰਨ ਸਿੰਘ, ਮੱਖਣ ਸ਼ਾਹ ਲੁਬਾਣਾ, ਪੰਨਾ 38.

(31) ਮਖਣਸ਼ਾਹ ਕੋ ਗੁਰੈ ਬੁਲਾਯੋ।
ਕਿਰਪਾਲ ਚੰਦ ਤਿਸ ਸੰਗ ਮਲਾਯੋ।
ਭੂਪਤਿ ਦੀਪ ਚੰਦ ਕਹਿਲੂਰੀ।
ਪਾਸ ਭੇਜ ਲੈ ਧਰਾ ਜਰੂਰੀ।
ਉਜੜਾ ਪੜਾਥਾ ਮਾਖੋਵਾਲ
ਥੀ ਨ੍ਰਿਪ ਤੈ ਸਬ ਲੈ ਕਰ ਮੋਲ

(32) ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਪੰਜਾਬ ਭਾਸ਼ਾ ਵਿਭਾਗ, ਪਟਿਆਲਾ 1987, ਪੰਨੇ 162-63.

(33) ਫ਼ੌਜਾ ਸਿੰਘ, ਤਾਰਨ ਸਿੰਘ, ਸ੍ਰੀ ਗੁਰੂ ਤੇਗ ਬਹਾਦਰ : ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1987, ਪੰਨਾ 28, ਗੁਲਚਰਨ ਸਿੰਘ, ਮੱਖਣ ਸ਼ਾਹ ਲੁਬਾਣਾ, ਪੰਨਾ 38.

(34) ਫ਼ੌਜਾ ਸਿੰਘ, ਤਾਰਨ ਸਿੰਘ, ਸ੍ਰੀ ਗੁਰੂ ਤੇਗ ਬਹਾਦਰ : ਜੀਵਨ ਤੇ ਰਚਨਾ, ਪੰਨਾ 29.

**ਦਿਸਦੇ ਨਾਲ ਪਿਆਰ ਕਰਨ ਵਾਲਿਓ, ਅਣਦਿਸਦੇ ਨਾਲ ਪਿਆਰ ਕਰਕੇ ਵੇਖੋ।**

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ...!!!



ਮੁਗਲ ਹਕੂਮਤ ਵੱਲੋਂ, ਮਿਤੀ ੧੧ ਨਵੰਬਰ ਸੰਨ ੧੬੭੫ ਵਾਲੇ ਦਿਨ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ, ਚਾਂਦਨੀ ਚੌਂਕ ਦਿੱਲੀ ਵਿਖੇ ਸ਼ਹੀਦ ਕਰਨ ਦਾ ਫੈਸਲਾ ਕੀਤਾ ਗਿਆ ਸੀ। ਔਰੰਗਜ਼ੇਬ ਵੱਲੋਂ ਆਮ ਲੋਕਾਂ ਅੰਦਰ ਡਰ ਤੇ ਖੌਫ ਦਾ ਮਾਹੌਲ ਪੈਦਾ ਕਰਨ ਲਈ, ਸਾਰੇ ਸ਼ਹਿਰ ਅੰਦਰ ਗੁਰੂ ਸਾਹਿਬ ਜੀ ਦੀ ਸ਼ਹਾਦਤ ਸੰਬੰਧੀ ਮੁਨਾਦੀ ਕਰਵਾਈ ਗਈ ਤਾਂ ਜੋ ਉਸ ਦਿਨ ਵੱਧ ਤੋਂ ਵੱਧ ਲੋਕ ਆ ਕੇ ਆਪਣੀਆਂ ਅੱਖਾਂ ਨਾਲ ਦੇਖ ਲੈਣ ਕਿ ਇਸਲਾਮ ਕਬੂਲ ਨਾ ਕਰਕੇ, ਔਰੰਗਜ਼ੇਬ ਦੀ ਗੱਲ ਨਾ ਮੰਨਣ ਦਾ ਕੀ ਹਸ਼ਰ ਹੁੰਦਾ ਹੈ। ਹੁਕਮ ਅਦੂਲੀ ਕਰਨ ਵਾਲਿਆਂ ਨੂੰ ਕਿਵੇਂ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ।

ਉਸ ਦਿਨ ਦਿੱਲੀ ਦੇ ਚਾਂਦਨੀ ਚੌਂਕ ਇਲਾਕੇ 'ਚ, ਦੇਖਣ ਵਾਲਿਆਂ ਦੀ ਭਾਰੀ ਭੀੜ ਜਮ੍ਹਾਂ ਸੀ। ਜਿਸ 'ਚ ਹਿੰਦੂ ਤੇ ਮੁਸਲਮਾਨ ਦੋਵੇਂ ਵੱਡੀ ਗਿਣਤੀ 'ਚ ਮੌਜੂਦ ਸਨ। ਗੁਰੂ ਸਾਹਿਬ ਜੀ ਨੂੰ ਭਿਆਨਕ ਮੌਤ ਦਾ ਡਰਾਵਾ ਦੇਣ ਲਈ, ਇੱਕ ਵਿਉਂਤ ਬਣਾਈ ਗਈ ਸੀ ਤੇ ਫੈਸਲਾ ਕੀਤਾ ਗਿਆ ਸੀ ਕਿ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਤੋਂ ਪਹਿਲਾਂ, ਗੁਰੂ ਸਾਹਿਬ ਜੀ ਦੇ ਪਿਆਰੇ ਕੁੱਝ ਸਿੱਖਾਂ ਨੂੰ ਤਸੀਹੇ ਦੇ-ਦੇ ਕੇ, ਗੁਰੂ ਸਾਹਿਬ ਜੀ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਜਾਵੇ। ਇੰਝ ਗੁਰੂ ਸਾਹਿਬ ਜੀ ਆਪਣੇ ਪਿਆਰੇ ਸਿੱਖਾਂ ਨੂੰ ਆਪਣੇ ਸਾਹਮਣੇ ਸ਼ਹੀਦ ਹੁੰਦਾ ਦੇਖ ਕੇ ਡੋਲ ਜਾਣਗੇ ਤੇ ਮੁਸਲਮਾਨ ਬਣਨਾ ਪ੍ਰਵਾਨ ਕਰ ਲੈਣਗੇ।

ਮਿਤੀ ੧੧ ਨਵੰਬਰ ਸੰਨ ੧੬੭੫ ਈ. ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕੋਤਵਾਲੀ ਤੋਂ ਬਾਹਰ ਲਿਆ ਕੇ, ਇੱਕ ਰੁੱਖ ਹੇਠ ਬਿਠਾ ਦਿੱਤਾ ਗਿਆ ਅਤੇ ਆਪ ਜੀ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਲਿਆਂਦਾ ਗਿਆ। ਭਾਈ ਮਤੀ ਦਾਸ ਜੀ ਨੂੰ ਹੱਥ-ਕੜੀਆਂ ਤੇ ਬੇੜੀਆਂ ਨਾਲ ਬੰਨ੍ਹਿਆ ਹੋਇਆ ਸੀ। ਕਾਜੀ ਨੇ ਭਾਈ ਮਤੀ ਦਾਸ ਜੀ ਨੂੰ ਕਿਹਾ ਕਿ ਇਸਲਾਮ ਕਬੂਲ ਕਰ ਲਓ, ਨਹੀਂ ਤਾਂ ਆਰੇ ਨਾਲ ਸਰੀਰ ਚੀਰ ਕੇ ਤੁਹਾਨੂੰ ਸ਼ਹੀਦ ਕਰ ਦਿੱਤਾ ਜਾਵੇਗਾ। ਭਾਈ ਮਤੀ ਦਾਸ ਜੀ ਨੇ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਭਾਈ ਮਤੀ ਦਾਸ ਜੀ ਪਾਸੋਂ ਆਖਰੀ ਖਾਹਿਸ਼ ਪੁੱਛੀ ਤਾਂ ਆਪ ਜੀ ਨੇ ਕਿਹਾ ਕਿ ਜਦੋਂ ਮੇਰਾ ਸਰੀਰ ਚੀਰਿਆ ਜਾਵੇ ਤਾਂ ਮੇਰਾ ਮੁੱਖ ਮੇਰੇ ਸਤਿਗੁਰੂ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲ ਹੋਵੇ। ਜਲਾਦਾਂ ਨੇ ਭਾਈ ਮਤੀ ਦਾਸ ਜੀ ਨੂੰ ਲੱਕੜੀ ਦੇ ਮੋਟੇ-ਮੋਟੇ ਫੱਟਿਆਂ 'ਚ ਜਕੜ ਕੇ ਬੰਨ੍ਹ ਦਿੱਤਾ ਤਾਂ ਜੋ ਉਹ ਹਿਲਜੁੱਲ ਨਾ ਸਕਣ। ਭਾਈ ਮਤੀ ਦਾਸ ਜੀ ਦਾ ਮੁੱਖ ਗੁਰੂ ਸਾਹਿਬ ਜੀ ਵੱਲ ਕਰ ਦਿੱਤਾ ਗਿਆ। ਜਲਾਦਾਂ ਨੇ ਭਾਈ ਮਤੀ ਦਾਸ ਜੀ ਦੇ ਸੀਸ 'ਤੇ ਆਰਾ ਰੱਖ ਕੇ ਚਲਾਉਣਾ ਸ਼ੁਰੂ ਕੀਤਾ ਤਾਂ ਭਾਈ ਮਤੀ ਦਾਸ ਜੀ ਨੇ ਜਪੁਜੀ ਸਾਹਿਬ ਜੀ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਦੇਖਦਿਆਂ-ਦੇਖਦਿਆਂ ਹੀ ਭਾਈ ਮਤੀ ਦਾਸ ਜੀ ਦਾ ਸਰੀਰ ਦੋ-ਫਾੜ ਹੋ ਗਿਆ ਅਤੇ ਭਾਈ ਮਤੀ ਦਾਸ ਜੀ ਨੇ ਜਪੁਜੀ ਸਾਹਿਬ ਜੀ ਦੇ ਪਾਠ ਦੀ ਸੰਪੂਰਨਤਾ ਕਰਕੇ, ਆਪਣੇ ਸੁਆਸ ਤਿਆਗ ਦਿੱਤੇ। ਇਸ ਦੌਰਾਨ, ਗੁਰੂ ਸਾਹਿਬ ਜੀ ਸ਼ਾਂਤ ਚਿੱਤ ਹੋ ਕੇ ਅਡੋਲ ਬੈਠੇ ਰਹੇ।

ਇਸੇ ਤਰ੍ਹਾਂ ਗੁਰੂ ਸਾਹਿਬ ਜੀ ਦੇ ਇੱਕ ਹੋਰ ਪਿਆਰੇ ਸਿੱਖ ਭਾਈ ਦਿਆਲਾ ਜੀ ਨੂੰ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਓ ਜਾਂ ਫਿਰ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਭਾਈ ਦਿਆਲਾ ਜੀ ਨੇ ਵੀ ਭਾਈ ਮਤੀ ਦਾਸ ਜੀ ਦੀ ਤਰ੍ਹਾਂ ਹੀ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਭਾਈ ਸਾਹਿਬ ਜੀ ਨੂੰ ਉਬਲਦੇ ਪਾਣੀ ਦੀ ਦੇਗ 'ਚ ਬਿਠਾ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਸਾਹਿਬ ਹੁਣ ਵੀ ਓਸੇ ਤਰ੍ਹਾਂ ਹੀ ਸ਼ਾਂਤ ਚਿੱਤ ਤੇ ਅਡੋਲ ਬੈਠੇ ਰਹੇ।

ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਤੋਂ ਬਾਅਦ ਭਾਈ ਸਤੀ ਦਾਸ ਜੀ ਦੀ ਵਾਰੀ ਆਈ (ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਦੇ ਭਰਾਤਾ ਸਨ)। ਭਾਈ ਸਤੀ ਦਾਸ ਜੀ ਨੂੰ ਵੀ ਉਹੀ ਕਿਹਾ ਗਿਆ ਕਿ ਇਸਲਾਮ ਕਬੂਲ ਕਰ ਲਓ ਜਾਂ ਫਿਰ ਸ਼ਹੀਦ ਹੋਣ ਲਈ ਤਿਆਰ ਹੋ ਜਾਓ। ਭਾਈ ਸਤੀ ਦਾਸ ਜੀ ਨੇ ਵੀ ਭਾਈ ਮਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਤਰ੍ਹਾਂ ਹੀ ਧਰਮ ਤਿਆਗਣ ਦੀ ਥਾਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਕਾਜੀ ਨੇ ਫਤਵਾ ਜਾਰੀ ਕਰ ਦਿੱਤਾ ਕਿ ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ, ਅੱਗ ਲਾ ਦਿੱਤੀ ਜਾਵੇ ਅਤੇ ਸਤੀ ਦਾਸ ਜੀ ਨੂੰ ਜਿਉਂਦੇ ਹੀ ਸਾੜ ਕੇ ਸ਼ਹੀਦ ਕਰ ਦਿੱਤਾ ਜਾਵੇ। ਭਾਈ ਸਤੀ ਦਾਸ ਜੀ ਨੂੰ ਰੂੰ 'ਚ ਲਪੇਟ ਕੇ, ਰੂੰ ਨੂੰ ਅੱਗ ਲਾ ਦਿੱਤੀ ਗਈ। ਕੁੱਝ ਹੀ ਪਲਾਂ 'ਚ, ਭਾਈ ਸਤੀ ਦਾਸ ਜੀ ਵੀ ਸ਼ਹੀਦੀ ਪਾ ਗਏ। ਗੁਰੂ ਸਾਹਿਬ ਜੀ ਆਪਣੇ ਪਿਆਰੇ ਸਿੱਖਾਂ ਦੀ, ਆਪਣੀਆਂ ਅੱਖਾਂ ਸਾਹਮਣੇ ਹੋਈ ਸ਼ਹਾਦਤ ਦੇਖ ਕੇ ਵੀ ਨਹੀਂ ਡੋਲੇ।

ਇਹਨਾਂ ਸਿੱਖਾਂ ਦੀ ਸ਼ਹਾਦਤ ਤੋਂ ਬਾਅਦ, ਜਦੋਂ ਮੁਗਲ ਹਕੂਮਤ ਨੇ ਦੇਖਿਆ ਕਿ ਗੁਰੂ ਸਾਹਿਬ ਜੀ ਤਾਂ ਓਸੇ ਤਰ੍ਹਾਂ ਹੀ ਸ਼ਾਂਤ-ਚਿੱਤ ਤੇ ਅਡੋਲ ਬੈਠੇ ਹਨ ਤਾਂ ਇੱਕ ਵਾਰ ਫਿਰ ਕਾਜੀ ਅਬਦੁੱਲ ਵਹਾਬ ਨੇ ਗੁਰੂ ਸਾਹਿਬ ਜੀ ਨੂੰ ਕਿਹਾ ਕਿ ਹਾਲੇ ਵੀ ਸਮਾਂ ਹੈ, ਇਸਲਾਮ ਕਬੂਲ ਕਰ ਲਓ ਜਾਂ ਕਰਾਮਾਤ ਦਿਖਾ ਦਿਓ, ਜ਼ਿੰਦਗੀ ਬਖ਼ਸ਼ ਦਿੱਤੀ ਜਾਵੇਗੀ। ਗੁਰੂ ਸਾਹਿਬ ਜੀ ਕਹਿਣ ਲੱਗੇ ਕਿ ਜਿਸ ਗੁਰੂ ਕਿਆਂ ਸਿੱਖਾਂ ਅੰਦਰ ਧਰਮ ਪ੍ਰਤੀ ਇੰਨਾ ਪਿਆਰ ਤੇ ਦ੍ਰਿੜ੍ਹਤਾ ਹੈ ਕਿ ਓਹਨਾਂ ਨੇ ਆਪਣਾ ਧਰਮ ਤਿਆਗਣ ਨਾਲੋਂ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ ਹੈ, ਤੁਸੀਂ ਉਸ ਗੁਰੂ ਨੂੰ ਧਰਮ ਤਿਆਗਣ ਲਈ ਕਹਿ ਰਹੇ ਹੋ? ਦੂਜਾ, ਜਿਥੋਂ ਤੱਕ ਕਰਾਮਾਤ ਦਿਖਾਉਣ ਦੀ ਗੱਲ ਹੈ ਤਾਂ ਗੁਰੂ ਘਰ ਅੰਦਰ ਕਰਾਮਾਤ ਦਿਖਾਉਣੀ ਕਹਿਰ ਹੈ। ਸਾਨੂੰ ਰੱਬ ਦੀ ਰਜਾ 'ਚ ਰਹਿਣ ਦਾ ਹੁਕਮ ਹੈ।

ਇਹ ਗੱਲ ਸੁਣ ਕੇ, ਕਾਜੀ ਅਬਦੁੱਲ ਵਹਾਬ ਨੇ ਜੱਲਾਦ ਜਲਾਲੂਦੀਨ

ਨੂੰ ਹੁਕਮ ਕਰ ਦਿੱਤਾ ਕਿ ਗੁਰੂ ਸਾਹਿਬ ਜੀ ਦਾ ਧੜ ਸੀਸ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇੰਝ ੧੧ ਨਵੰਬਰ ਸੰਨ ੧੬੭੫ ਈ. ਨੂੰ ਚਾਂਦਨੀ ਚੌਂਕ, ਦਿੱਲੀ ਵਿਖੇ ਹਜ਼ਾਰਾਂ ਲੋਕਾਂ ਦੀ ਭੀੜ ਦੇ ਸਾਹਮਣੇ, ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੀਸ ਤਲਵਾਰ ਨਾਲ ਧੜ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਇਸ ਅਸਥਾਨ ’ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ।

ਇਸ ਅਦੁੱਤੀ, ਅਨੋਖੀ, ਵਿਲੱਖਣ ਤੇ ਲਾਸਾਨੀ ਸ਼ਹਾਦਤ ਨੂੰ ਦੇਖ ਕੇ, ਦਿੱਲੀ ’ਚ ਹਾ–ਹਾਕਾਰ ਮੱਚ ਗਈ। ਇਸ ਘਟਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇੰਝ ਬਿਆਨ ਕੀਤਾ ਹੈ –

**ਦੋਹਰਾ॥**

**ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥**

**ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ ॥੧੫॥**

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥**

**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥੧੬॥**

ਚਾਰੇ ਪਾਸੇ ਡਰ ਤੇ ਸਹਿਮ ਦਾ ਮਾਹੌਲ ਬਣ ਗਿਆ ਸੀ। ਔਰੰਗਜ਼ੇਬ ਦਾ ਕਹਿਰ ਆਪਣੇ ਸਿਖ਼ਰ ’ਤੇ ਸੀ। ਜ਼ਾਲਮਾਂ ਨੇ ਬੜਾ ਭਾਰੀ ਜ਼ੁਲਮ ਢਾਹਿਆ ਸੀ। ਗੁਰੂ ਸਾਹਿਬ ਜੀ ਦੇ ਸਿਦਕ ਅੱਗੇ, ਜ਼ਾਲਮਾਂ ਦਾ ਜ਼ੁਲਮ ਹਾਰ ਗਿਆ ਸੀ। ਇਸ ਸਮੇਂ ਆਸਮਾਨ ’ਤੇ, ਕਾਲੇ ਤੇ ਘਣੇ ਬੱਦਲ ਛਾ ਗਏ ਸਨ। ਚਾਰੇ ਪਾਸੇ ਹਨੇਰਾ ਹੀ ਹਨੇਰਾ ਹੋ ਗਿਆ ਸੀ। ਇੰਝ ਜਾਪਦਾ ਸੀ ਜਿਵੇਂ ਕਿ ਜ਼ੁਲਮ ਦੀ ਇਸ ਇੰਤਿਹਾ ਨੂੰ ਦੇਖ ਕੇ, ਧਰਤਿ ਤੇ ਅੰਬਰ ਦੋਵੇਂ ਕੰਬ ਗਏ ਹੋਣ ਤੇ ਰੋ ਰਹੇ ਹੋਣ। ਚਾਰੇ ਪਾਸੇ ਸੰਨਾਟਾ ਛਾ ਗਿਆ ਸੀ। ਹਿੰਦੂ, ਮੁਸਲਮਾਨ ਤੇ ਸਿੱਖ, ਸਭ ਦੀਆਂ ਅੱਖਾਂ ’ਚ ਅੱਥਰੂ ਸਨ।

**ਗੁਰੂ ਸਾਹਿਬ ਜੀ ਦੇ ਸੀਸ ਤੇ ਸਰੀਰ ਦੀ ਸੰਭਾਲ** : ਭਾਈ ਜੈਤਾ ਜੀ, ਦਿੱਲੀ ਦੀ ਦਿਲਵਾਲੀ ਗਲੀ ’ਚ ਰਹਿੰਦੇ ਸਨ। ਇਸੇ ਗਲੀ ’ਚ ਭਾਈ ਨਾਨੂ ਜੀ ਦਾ ਵੀ ਘਰ ਸੀ। ਜਦੋਂ ਕਾਜੀ ਨੇ ਇਹ ਫਤਵਾ ਸੁਣਾਇਆ ਕਿ ਗੁਰੂ ਸਾਹਿਬ ਜੀ ਦਾ ਸੀਸ ਧੜ ਤੋਂ ਅਲੱਗ ਕਰਕੇ, ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰ ਦਿੱਤਾ ਜਾਵੇ ਤਾਂ ਭਾਈ ਨਾਨੂ ਜੀ, ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ, ਭਾਈ ਜੈਤਾ ਜੀ ਘਰ ਆ ਗਏ ਅਤੇ ਵਿਚਾਰ ਕੀਤੀ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ, ਆਪ ਜੀ ਦੇ ਪਾਵਨ ਸੀਸ ਤੇ ਸਰੀਰ ਦੀ ਸੰਭਾਲ ਕਿਵੇਂ ਕੀਤੀ ਜਾਵੇ?

ਗੁਰੂ ਸਾਹਿਬ ਜੀ ਦੇ ਸੀਸ ਨੂੰ ਸੰਭਾਲਣ ਦੀ ਸੇਵਾ ਭਾਈ ਜੈਤਾ ਜੀ ਨੇ ਆਪਣੇ ਜ਼ਿੰਮੇ ਲੈ ਲਈ। ਸਭਨਾਂ ਨੇ ਵਿਚਾਰ ਕਰਕੇ, ਇਹ ਵਿਉਂਤ ਬਣਾਈ ਕਿ ਗੁਰੂ ਸਾਹਿਬ ਜੀ ਦੇ ਸਰੀਰ ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਜੀ ਨੂੰ ਦਿੱਤੀ ਜਾਵੇ ਕਿਉਂਕਿ ਭਾਈ ਲੱਖੀ ਸਾਹ ਜੀ ਗੁਰੂ ਘਰ ਦੇ ਸ਼ਰਧਾਲੂ ਹੋਣ ਦੇ ਨਾਲ–ਨਾਲ, ਧਨਾਢ ਵਪਾਰੀ ਵੀ ਹਨ ਤੇ ਉਹਨਾਂ ਦਾ ਦਿੱਲੀ ’ਚ ਅਸਰ–ਰਸੂਖ ਵੀ ਬਹੁਤ ਹੈ।

**ਸੀਸ ਮਾਰਗ** : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ, ਭਾਈ ਜੈਤਾ ਜੀ ਨੇ ਗੁਰੂ ਚਰਨਾਂ ’ਚ ਅਰਦਾਸ ਕੀਤੀ ਕਿ ਸੱਚੇ ਪਾਤਿਸ਼ਾਹ ! ਆਪ ਜੀ ਦਾ ਓਟ–ਆਸਰਾ ਲੈ ਕੇ, ਆਪ ਜੀ ਦੇ ਸੀਸ ਨੂੰ ਸੰਭਾਲਣ ਦੀ ਸੇਵਾ ਕਰਨ ਲੱਗਾ ਹਾਂ, ਆਪ ਜੀ ਨੇ ਕਿਰਪਾ ਕਰਨੀ, ਸਹਾਈ ਹੋਣਾ ਤਾਂ ਜੋ ਇਹ ਕਾਰਜ ਨਿਰਵਿਘਨਤਾ ਸਹਿਤ ਸੰਪੂਰਨ ਕਰ ਸਕਾਂ। ਅਰਦਾਸ ਕਰਕੇ, ਭਾਈ ਜੈਤਾ ਜੀ ਨੇ ਖਰਾਬ ਮੌਸਮ ਤੇ ਪਹਿਰੇਦਾਰਾਂ ਦੇ ਅਵੇਸਲੇਪਨ ਦਾ ਫਾਇਦਾ ਲੈਂਦੇ ਹੋਏ, ਗੁਰੂ ਸਾਹਿਬ ਜੀ ਦੇ ਪਾਵਨ ਸੀਸ ਨੂੰ ਸੋਹਣੇ ਪੋਸ਼ਾਕੇ ’ਚ ਲਪੇਟ ਲਿਆ ਅਤੇ ਗੁਰੂ ਸਾਹਿਬ ਜੀ ਦੇ ਸੀਸ ਨੂੰ ਆਪਣੇ ਸਿਰ ’ਤੇ ਰੱਖ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ।

**ਪਹਿਲਾ ਪੜਾਅ - ਬਾਗਪਤ (ਉੱਤਰ ਪ੍ਰਦੇਸ)** : ਭਾਈ ਜੈਤਾ ਜੀ ਨੇ ਦਿੱਲੀ ਤੋਂ ਚੱਲ ਕੇ, ਪਹਿਲਾ ਪੜਾਅ ਬਾਗਪਤ ਕੀਤਾ। ਸਾਰੀ ਰਾਤ ਪੈਦਲ ਸਫ਼ਰ ਕਰਦੇ–ਕਰਦੇ, ਭਾਈ ਜੈਤਾ ਜੀ ਥੱਕ ਵੀ ਗਏ ਸਨ ਤੇ ਮੁਗਲ ਫੌਜਾਂ ਦਾ ਡਰ ਵੀ ਸੀ ਕਿ ਕਿਤੇ ਮੁਗਲ ਫੌਜਾਂ ਆਪ ਜੀ ਨੂੰ ਫੜ ਹੀ ਨਾ ਲੈਣ। ਭਾਈ ਜੈਤਾ ਜੀ ਬਾਗਪਤ ਵਿਖੇ ਸੂਫ਼ੀ ਫ਼ਕੀਰ, ਸ਼ੇਖ ਹਜ਼ਰਤ ਵਾਹੂਦੀਨ ਦੀ ਦਰਗਾਹ ’ਤੇ ਪਹੁੰਚੇ। ਸ਼ੇਖ ਜੀ ਨੇ ਪੁੱਛਿਆ ਕਿ ਭਾਈ ! ਤੂੰ ਕੌਣ ਹੈਂ ? ਭਾਈ ਜੈਤਾ ਜੀ ਨੇ ਦੱਸਿਆ ਕਿ ਮੈਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ। ਸ਼ੇਖ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਹਾਲ–ਚਾਲ ਪੁੱਛਿਆ ਤਾਂ ਭਾਈ ਜੈਤਾ ਜੀ ਨੇ ਸਾਰਾ ਬ੍ਰਿਤਾਂਤ ਸ਼ੇਖ ਜੀ ਨੂੰ ਸੁਣਾ ਦਿੱਤਾ। ਸ਼ੇਖ ਜੀ ਨੇ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਨ ਦੀ ਇੱਛਾ ਪ੍ਰਗਟਾਈ। ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਕੇ, ਸ਼ੇਖ ਜੀ ਨੇ ਸਿਜਦਾ ਕੀਤਾ, ਸੇਖ ਜੀ ਦੀਆਂ ਅੱਖਾਂ ’ਚੋਂ ਅੱਥਰੂ ਵਹਿ ਤੁਰੇ। ਭਰੇ ਮਨ ਨਾਲ ਭਾਈ ਜੈਤਾ ਜੀ ਨੂੰ ਕਹਿਣ ਲੱਗੇ ਕਿ ਤੁਹਾਡੀ ਸੇਵਾ ਬਹੁਤ ਵੱਡੀ ਹੈ, ਬਿਖੜਾ ਪੈਂਡਾ ਹੈ, ਸਾਰੀ ਰਾਤ ਪੈਦਲ ਸਫ਼ਰ ਕਰਨ ਕਰਕੇ, ਤੁਸੀਂ ਥੱਕ ਗਏ ਹੋਵੋਗੇ। ਕੁੱਝ ਖਾਧਾ ਪੀਤਾ ਵੀ ਨਹੀਂ ਹੋਣਾ। ਇਥੇ ਨੇੜੇ ਹੀ ਗੁਰੂ ਘਰ ਦੇ ਸ਼ਰਧਾਲੂ ਭਾਈ ਕ੍ਰਿਸ਼ਨਪਾਲ ਦਾ ਘਰ ਹੈ, ਓਥੇ ਚੱਲ ਕੇ ਪ੍ਰਸਾਦਾ ਛੱਕ ਲਓ ਤੇ ਥੋੜ੍ਹਾ ਅਰਾਮ ਕਰ ਲਓ। ਭਾਈ ਜੈਤਾ ਜੀ, ਸ਼ੇਖ ਜੀ ਦੇ ਨਾਲ ਭਾਈ ਕ੍ਰਿਸ਼ਨਪਾਲ ਜੀ ਦੇ ਗ੍ਰਿਹ ਵਿਖੇ ਆ ਗਏ ਅਤੇ ਇੱਥੇ ਹੀ ਪ੍ਰਸਾਦਾ ਛੱਕਿਆ ਤੇ ਅਰਾਮ ਕੀਤਾ। ਜਿੰਨਾਂ ਸਮਾਂ ਭਾਈ ਜੈਤਾ ਜੀ, ਭਾਈ ਕ੍ਰਿਸ਼ਨਪਾਲ ਜੀ ਦੇ ਗ੍ਰਿਹ ਵਿਖੇ ਟਿਕੇ, ਕ੍ਰਿਸ਼ਨਪਾਲ ਜੀ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਦੇ ਰਹੇ। ਓਹਨਾਂ ਦੀਆਂ ਅੱਖਾਂ ’ਚੋਂ ਅੱਥਰੂ ਵਹੀ ਤੁਰੇ ਜਾ ਰਹੇ ਸਨ।

**ਦੂਜਾ ਪੜਾਅ - ਤਰਾਵੜੀ (ਹਰਿਆਣਾ)** : ਦਿਨ ਚੜ੍ਹੇ ਭਾਈ ਜੈਤਾ ਜੀ ਨੇ ਜੰਗਲਾਂ ਦੇ ਰਸਤੇ, ਸ੍ਰੀ ਅਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ। ਸਾਰਾ ਦਿਨ ਕੰਡਿਆਲੇ ਰਾਹਾਂ ’ਤੇ ਤੁਰਦੇ ਰਹੇ, ਪਰ, ਸਿਦਕ ਨਹੀਂ ਹਾਰਿਆ। ਮੁਗਲ ਫੌਜਾਂ ਦਾ ਡਰ ਵੀ ਬਣਿਆ ਹੋਇਆ ਸੀ। ਹਨੇਰੇ ਪਏ ਭਾਈ ਜੈਤਾ ਜੀ ਤਰਾਵੜੀ ਪਹੁੰਚ ਗਏ। ਭਾਈ ਸਾਹਿਬ ਜੀ ਝਾੜੀਆਂ ਵਿਚ ਦੀ ਤੁਰੇ ਜਾ ਰਹੇ ਸਨ ਕਿ ਧੋਬੀ ਦੇਵਾ ਰਾਮ, ਜੋ ਕਿ ਨੇੜੇ ਹੀ ਕੱਪੜੇ ਧੋ ਰਿਹਾ ਸੀ, ਨੇ ਭਾਈ ਸਾਹਿਬ ਜੀ ਦੇ ਪੈਰਾਂ ਦੀ ਅਵਾਜ਼ ਸੁਣੀ। ਅਵਾਜ਼ ਸੁਣ ਕੇ ਭਾਈ ਦੇਵਾ ਰਾਮ ਨੇ ਉੱਚੇ ਜਿਹੇ ਪੁੱਛਿਆ ਕਿ ਕੌਣ ਹੈਂ ਭਾਈ ? ਭਾਈ ਜੈਤਾ ਜੀ ਨੇ ਦੱਸਿਆ ਕਿ ਮੈਂ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਿੱਖ ਹਾਂ ਤੇ ਦਿੱਲੀ ਤੋਂ ਆ ਰਿਹਾ ਹਾਂ। ਇਹ ਸੁਣ ਕੇ, ਭਾਈ ਦੇਵਾ ਰਾਮ ਨੇ ਕਿਹਾ ਕਿ ਮੈਂ ਵੀ ਗੁਰੂ ਘਰ ਦਾ ਸ਼ਰਧਾਲੂ ਹਾਂ। ਤੁਸੀਂ ਚੱਲ ਕੇ ਮੇਰੇ ਘਰ ਅਰਾਮ ਕਰੋ।

ਭਾਈ ਦੇਵਾ ਰਾਮ ਨੂੰ ਹੁਣ ਤੱਕ ਗੁਰੂ ਸਾਹਿਬ ਜੀ ਦੀ ਸ਼ਹਾਦਤ ਬਾਰੇ ਪਤਾ ਨਹੀਂ ਸੀ। ਇਹ ਗੁਰੂ ਸਾਹਿਬ ਜੀ ਦਾ ਸੁੱਖ–ਸੁਨੇਹਾ ਲੈਣ ਲਈ ਬਹੁਤ ਬਿਹਬਲ ਸੀ। ਭਾਈ ਦੇਵਾ ਰਾਮ, ਭਾਈ ਜੈਤਾ ਜੀ ਨੂੰ ਕਹਿਣ ਲੱਗਾ ਕਿ ਤੁਸੀਂ ਦਿੱਲੀ ਤੋਂ ਆ ਰਹੇ ਹੋ, ਗੁਰੂ ਸਾਹਿਬ ਜੀ ਦਾ ਕੋਈ ਸੁੱਖ –ਸੁਨੇਹਾ ਸੁਣਾਓ। ਗੁਰੂ ਸਾਹਿਬ ਜੀ ਬਾਰੇ ਕੁੱਝ ਦੱਸੋ, ਅੱਜ–ਕੱਲ੍ਹ ਕਿੱਥੇ ਬਿਰਾਜਮਾਨ

ਹਨ ਤੇ ਕਿਸ ਧਰਤਿ ਨੂੰ ਭਾਗ ਲਾ ਰਹੇ ਹਨ? ਭਾਈ ਜੈਤਾ ਜੀ ਨੇ ਦਿੱਲੀ 'ਚ ਵਰਤੇ ਕਹਿਰ ਬਾਰੇ ਭਾਈ ਦੇਵਾ ਰਾਮ ਜੀ ਨੂੰ ਦੱਸਿਆ ਤਾਂ ਭਾਈ ਦੇਵਾ ਰਾਮ ਜੀ ਦੀਆਂ ਅੱਖਾਂ 'ਚੋਂ ਅੱਥਰੂ ਵਹਿ ਤੁਰੇ, ਮਨ ਵੈਰਾਗ 'ਚ ਆ ਗਿਆ। ਭਾਈ ਦੇਵਾ ਰਾਮ ਜੀ ਨੇ ਗੁਰੂ ਸਾਹਿਬ ਜੀ ਦੇ ਪਾਵਨ ਸੀਸ ਨੂੰ ਉੱਚੀ ਥਾਂ 'ਤੇ ਸੁਭਾਇਮਾਨ ਕੀਤਾ ਅਤੇ ਭਾਈ ਜੈਤਾ ਜੀ ਤੇ ਭਾਈ ਦੇਵਾ ਰਾਮ ਜੀ ਦਾ ਸਾਰਾ ਪਰਿਵਾਰ ਸਿਮਰਨ ਕਰਦੇ ਰਹੇ। ਭਾਈ ਜੈਤਾ ਜੀ, ਕੁੱਝ ਸਮਾਂ ਇੱਥੇ ਅਰਾਮ ਕਰਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ। ਇਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਸਾਹਿਬ "ਸੀਸ ਗੰਜ ਪਾਤਿਸ਼ਾਹੀ ਨੌਵੀਂ" ਸੁਭਾਇਮਾਨ ਹੈ।

**ਤੀਜਾ ਪੜਾਅ - ਅੰਬਾਲਾ (ਹਰਿਆਣਾ)** : ਤਰਾਵੜੀ ਤੋਂ ਚੱਲ ਕੇ, ਭਾਈ ਜੈਤਾ ਜੀ ਅੰਬਾਲੇ ਪਹੁੰਚ ਗਏ। ਇੱਥੇ ਭਾਈ ਜੈਤਾ ਜੀ ਨੇ ਟਾਂਗਰੀ ਨਦੀ ਦੇ ਕਿਨਾਰੇ ਟਿਕਾਣਾ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਪਾਵਨ ਸੀਸ, ਸਤਿਕਾਰ ਸਹਿਤ ਇੱਕ ਜੰਡ ਦੇ ਰੁੱਖ ਹੇਠ ਬਿਰਾਜਮਾਨ ਕਰ ਦਿੱਤਾ। ਆਸ-ਪਾਸ ਪੁੱਛਣ 'ਤੇ ਪਤਾ ਲੱਗਾ ਕਿ ਕੈਂਥ ਮਾਜਰੀ ਮਹੱਲੇ 'ਚ ਭਾਈ ਰਾਮਦੇਵਾ ਨਾਮ ਦਾ ਇੱਕ ਸਿੱਖ ਰਹਿੰਦਾ ਹੈ। ਭਾਈ ਜੈਤਾ ਜੀ, ਗੁਰੂ ਸਾਹਿਬ ਜੀ ਦਾ ਸੀਸ ਆਪਣੇ ਸਿਰ 'ਤੇ ਰੱਖ ਕੇ, ਭਾਈ ਰਾਮਦੇਵਾ ਜੀ ਦੇ ਘਰ ਪਹੁੰਚ ਗਏ ਅਤੇ ਦਿੱਲੀ 'ਚ ਵਰਤੇ ਕਹਿਰ ਬਾਰੇ ਦੱਸਿਆ। ਇਹ ਸਾਰਾ ਬ੍ਰਿਤਾਂਤ ਸੁਣ ਕੇ, ਭਾਈ ਰਾਮਦੇਵਾ ਜੀ ਦੀਆਂ ਭੁੱਬਾਂ ਨਿਕਲ ਗਈਆਂ, ਉਹਨਾਂ ਦੀਆਂ ਅੱਖਾਂ 'ਚੋਂ ਅੱਥਰੂ ਰੁਕਣ ਦਾ ਨਾਮ ਨਹੀਂ ਸਨ ਲੈ ਰਹੇ।

ਭਾਈ ਜੈਤਾ ਜੀ ਨੇ ਇਹ ਥਾਂ ਸੁਰੱਖਿਅਤ ਜਾਣ ਕੇ, ਰਾਤ ਇੱਥੇ ਹੀ ਟਿਕਾਣਾ ਕਰਨ ਦਾ ਫੈਸਲਾ ਕੀਤਾ। ਭਾਈ ਰਾਮਦੇਵਾ ਜੀ ਪਾਠ ਕਰਦੇ ਰਹੇ ਤੇ ਨਾਲ ਹੀ ਪਹਿਰਾ ਦਿੰਦੇ ਰਹੇ। ਭਾਈ ਜੈਤਾ ਜੀ ਨੇ ਕੁੱਝ ਸਮਾਂ ਇੱਥੇ ਅਰਾਮ ਕਰਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚਾਲੇ ਪਾ ਦਿੱਤੇ। ਇਸ ਅਸਥਾਨ 'ਤੇ, ਸੁੰਦਰ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ। ਇਹ ਅਸਥਾਨ ਗੁਰਦੁਆਰਾ ਮੰਜੀ ਸਾਹਿਬ, ਅੰਬਾਲਾ ਸਹਿਰ ਤੋਂ ਲਗਭਗ ਅੱਧੇ ਕਿਲੋਮੀਟਰ ਦੀ ਵਿੱਥ 'ਤੇ ਹੈ।

**ਚੌਥਾ ਪੜਾਅ - ਨਾਭਾ ਸਾਹਿਬ (ਪੰਜਾਬ)** : ਅੰਬਾਲੇ ਤੋਂ ਚੱਲ ਕੇ, ਭਾਈ ਜੈਤਾ ਜੀ ਰਾਜਪੁਰਾ-ਜੀਰਕਪੁਰ ਵਾਲੀ ਸੜਕ 'ਤੇ ਆ ਗਏ। ਇਸ ਇਲਾਕੇ 'ਚ, ਬਹੁਤ ਵੱਡਾ ਤੇ ਸੰਘਣਾ ਜੰਗਲ ਸੀ। ਇਹ ਸਾਰਾ ਇਲਾਕਾ ਮੁਸਲਮਾਨਾਂ ਦਾ ਹੁੰਦਾ ਸੀ। ਗੁਰੂ ਸਾਹਿਬ ਜੀ ਦੇ ਸੀਸ ਦੇ ਸਤਿਕਾਰ ਨੂੰ ਧਿਆਨ 'ਚ ਰੱਖਦਿਆਂ ਹੋਇਆਂ, ਭਾਈ ਜੈਤਾ ਜੀ ਰਾਤ ਸਮੇਂ ਕਿਸੇ ਸੁਰੱਖਿਅਤ ਅਸਥਾਨ 'ਤੇ ਟਿਕਾਣਾ ਕਰਨਾ ਚਾਹੁੰਦੇ ਸਨ। ਭਾਈ ਜੈਤਾ ਜੀ ਨੂੰ ਇਸ ਸੰਘਣੇ ਜੰਗਲ 'ਚ, ਇੱਕ ਕੁਟੀਆ ਦਿਖਾਈ ਦਿੱਤੀ। ਭਾਈ ਜੈਤਾ ਜੀ ਇਸ ਕੁਟੀਆ 'ਚ ਪਹੁੰਚੇ ਤਾਂ ਪਤਾ ਲੱਗਾ ਕਿ ਇਹ ਕੁਟੀਆ ਦਰਗਾਹੀ ਸ਼ਾਹ ਫ਼ਕੀਰ ਦੀ ਹੈ ਜੋ ਕਿ ਗੁਰੂ ਘਰ ਦਾ ਸ਼ਰਧਾਲੂ ਹੈ। ਇਸ ਫਕੀਰ ਨੇ ਭਾਈ ਜੈਤਾ ਜੀ ਨੂੰ, ਇਸ ਜੰਗਲ 'ਚ ਆਉਣ ਦਾ ਕਾਰਨ ਪੁੱਛਿਆ ਤਾਂ ਭਾਈ ਜੈਤਾ ਜੀ ਨੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਦਾ ਸਾਰਾ ਬ੍ਰਿਤਾਂਤ ਸੁਣਾ ਦਿੱਤਾ। ਪੀਰ ਜੀ ਦੇ ਨੈਣ ਭਰ ਆਏ। ਉਹਨਾਂ ਨੇ ਭਾਈ ਜੈਤਾ ਜੀ ਨੂੰ ਬਹੁਤ ਪਿਆਰ ਤੇ ਸਤਿਕਾਰ ਨਾਲ ਬੇਨਤੀ ਕੀਤੀ ਕਿ ਤੁਸੀਂ ਪੈਦਲ ਚੱਲਣ ਕਾਰਨ ਬਹੁਤ ਥੱਕ ਗਏ ਹੋਵੋਗੇ, ਪੈਂਡਾ ਬਹੁਤ ਲੰਮਾ ਹੈ, ਇਸ ਲਈ ਤੁਸੀਂ ਗੁਰੂ ਸਾਹਿਬ ਜੀ ਦਾ ਸੀਸ ਮੈਨੂੰ ਦੇ ਦਿਓ ਤੇ ਤੁਸੀਂ ਇਸ਼ਨਾਨ ਕਰਕੇ, ਪ੍ਰਸਾਦਾ ਛੱਕ ਕੇ, ਅਰਾਮ ਕਰ ਲਓ, ਸੀਸ ਦੀ ਰਾਖੀ ਮੈਂ ਆਪ ਕਰਾਂਗਾ। ਮੇਰੇ ਧੰਨ ਭਾਗ ਹਨ, ਜਿਸ ਦੀ ਕੁਟੀਆ 'ਚ ਗੁਰੂ ਸਾਹਿਬ ਜੀ ਦਾ ਸੀਸ ਪਹੁੰਚਿਆ ਹੈ। ਪੀਰ ਜੀ ਨੇ ਆਪਣੀ ਕੁਟੀਆ 'ਚ ਹੀ ਮਿੱਟੀ ਦਾ ਉੱਚਾ ਥੜ੍ਹਾ ਤਿਆਰ ਕੀਤਾ ਅਤੇ ਗੁਰੂ ਸਾਹਿਬ ਜੀ ਦਾ ਸੀਸ, ਬਹੁਤ ਪਿਆਰ ਤੇ ਸਤਿਕਾਰ ਸਹਿਤ ਇਸ ਥੜ੍ਹੇ 'ਤੇ ਸੁਭਾਇਮਾਨ ਕਰ ਦਿੱਤਾ। ਪੀਰ ਜੀ ਸਾਰੀ ਰਾਤ ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਦੇ ਹੋਏ, ਰੱਬੀ ਰੰਗ 'ਚ ਰੱਤੇ ਤੇ ਭਿੱਜੇ ਰਹੇ। ਅੰਮ੍ਰਿਤ ਵੇਲੇ ਭਾਈ ਜੈਤਾ ਜੀ ਉੱਠੇ, ਇਸਨਾਨ ਕਰਕੇ ਤੇ ਪ੍ਰਸਾਦਾ ਛੱਕ ਕੇ, ਪੀਰ ਜੀ ਪਾਸੋਂ ਖੁਸ਼ੀਆਂ ਲੈ ਕੇ, ਸ੍ਰੀ ਅਨੰਦਪੁਰ ਸਾਹਿਬ ਵੱਲ ਨੂੰ ਚੱਲ ਪਏ। ਇਸ ਪਾਵਨ ਅਸਥਾਨ 'ਤੇ ਸੁੰਦਰ ਗੁਰਦੁਆਰਾ ਨਾਭਾ ਸਾਹਿਬ ਪਾਤਸ਼ਾਹੀ ਨੌਵੀਂ ਤੇ ਦੱਸਵੀਂ ਸੁਭਾਇਮਾਨ ਹੈ।

**ਪੰਜਵਾਂ ਪੜਾਅ - ਕੀਰਤਪੁਰ ਸਾਹਿਬ (ਪੰਜਾਬ)** : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸੀਸ ਦੇ ਆਉਣ ਦੀ ਖਬਰ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਈ ਸੀ। ਗੁਰੂ ਗੋਬਿੰਦ ਰਾਇ (ਸਿੰਘ) ਜੀ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ ਤੇ ਸਾਰਾ ਪਰਿਵਾਰ ਅਤੇ ਬਹੁਤ ਸਾਰੀਆਂ ਸਿੱਖ ਸੰਗਤਾਂ, ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਨ ਲਈ, ਪਹਿਲਾਂ ਹੀ ਕੀਰਤਪੁਰ ਸਾਹਿਬ ਪਹੁੰਚ ਗਈਆਂ ਸਨ। ਭਾਈ ਜੈਤਾ ਜੀ ਸੀਸ ਲੈ ਕੇ ਕੀਰਤਪੁਰ ਸਾਹਿਬ ਪਹੁੰਚੇ ਤਾਂ ਸਾਰਿਆਂ ਦੇ ਹਿਰਦਿਆਂ 'ਚ ਵੈਰਾਗ ਸੀ ਤੇ ਅੱਖਾਂ ਨਮ ਸਨ। ਬਹੁਤ ਭਾਵੁਕ ਦ੍ਰਿਸ਼ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਅਗਾਂਹ ਵੱਧ ਕੇ, ਆਪਣੇ ਸ਼ਹੀਦ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਾਵਨ ਸੀਸ ਆਪਣੇ ਹੱਥਾਂ 'ਚ ਲੈ ਲਿਆ। ਇਸ ਸਮੇਂ ਗੁਰੂ ਗੋਬਿੰਦ ਰਾਇ ਜੀ ਦੀ ਉਮਰ ੯ ਸਾਲ ਦੀ ਸੀ। ਗੁਰੂ ਸਾਹਿਬ ਜੀ ਦੇ ਸੀਸ ਦੇ ਦਰਸ਼ਨ ਕਰਕੇ, ਸੀਸ ਨੂੰ ਉੱਚੀ ਥਾਂ 'ਤੇ ਬਿਰਾਜਮਾਨ ਕਰ ਦਿੱਤਾ ਗਿਆ। ਇਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਬਿਬਾਨਗੜ੍ਹ ਸਾਹਿਬ ਸੁਭਾਇਮਾਨ ਹੈ।

ਗੁਰੂ ਗੋਬਿੰਦ ਰਾਇ ਜੀ ਨੇ ਭਾਈ ਜੈਤਾ ਜੀ ਦੀ ਹਿੰਮਤ, ਹੌਂਸਲੇ, ਬਹਾਦਰੀ ਅਤੇ ਗੁਰੂ ਘਰ ਪ੍ਰਤੀ ਪਿਆਰ, ਸ਼ਰਧਾ-ਭਾਵਨਾ ਤੇ ਸੇਵਾ ਨੂੰ ਮੁੱਖ ਰੱਖਦਿਆਂ ਹੋਇਆਂ, ਭਾਈ ਜੈਤਾ ਜੀ ਨੂੰ ਆਪਣੇ ਸੀਨੇ ਨਾਲ ਲਾ ਕੇ ਅਸੀਸਾਂ ਦਿੱਤੀਆਂ ਅਤੇ "ਰੰਘਰੇਟਾ - ਗੁਰੂ ਕਾ ਬੇਟਾ" ਕਹਿ ਕੇ ਨਿਵਾਜਿਆ। ਭਾਈ ਜੈਤਾ ਜੀ, ਸੰਨ ੧੬੯੯ 'ਚ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ, ਭਾਈ ਜੀਵਨ ਸਿੰਘ ਬਣੇ ਅਤੇ ਚਮਕੌਰ ਸਾਹਿਬ ਦੀ ਜੰਗ 'ਚ ਸ਼ਹੀਦ ਹੋਏ।

**ਆਖਰੀ ਪੜਾਅ - ਸ੍ਰੀ ਅਨੰਦਪੁਰ ਸਾਹਿਬ (ਪੰਜਾਬ)** : ਗੁਰੂ ਸਾਹਿਬ ਜੀ ਦੇ ਸੀਸ ਨੂੰ ਸਤਿਕਾਰ ਸਹਿਤ ਪਾਲਕੀ 'ਚ ਸਜਾਇਆ ਗਿਆ ਅਤੇ ਸ਼ਬਦ ਕੀਰਤਨ ਕਰਦੇ ਹੋਏ, ਸ੍ਰੀ ਅਨੰਦਪੁਰ ਸਾਹਿਬ ਲਿਆਂਦਾ ਗਿਆ। ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਜੀ ਦੇ ਸੀਸ ਦਾ ਮਰਿਆਦਾ ਅਨੁਸਾਰ, ਪੂਰਨ ਸਤਿਕਾਰ ਨਾਲ ਸਸਕਾਰ ਕੀਤਾ ਗਿਆ। ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਭਾਇਮਾਨ ਹੈ। ਸਸਕਾਰ ਕਰਨ ਤੋਂ ਬਾਅਦ, ਗੁਰੂ ਗੋਬਿੰਦ ਰਾਇ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪਰਮਾਤਮਾ ਦੀ ਰਜਾ 'ਚ ਰਹਿਣਾ ਹੈ ਤੇ ਉਸ ਅਕਾਲ ਪੁਰਖੁ ਦਾ ਭਾਣਾ ਮਿੱਠਾ ਕਰਕੇ ਮੰਨਣਾ ਹੈ। ਨਾਲ ਹੀ ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਜ਼ੁਲਮ ਦੇ ਖਿਲਾਫ ਇੱਕ-ਜੁੱਟ ਹੋ ਕੇ, ਟਾਕਰਾ ਕਰਨ ਹਿੱਤ ਤਿਆਰ ਹੋਣ ਲਈ ਕਿਹਾ। ਗੁਰੂ ਸਾਹਿਬ ਜੀ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਜ਼ੁਲਮ ਖਤਮ

ਕਰਨ ਲਈ, ਸ਼ਕਤੀ ਦੀ ਵਰਤੋਂ ਕੀਤੀ ਜਾਵੇ।

**ਧੜ (ਸਰੀਰ) ਦਾ ਸਸਕਾਰ** : ਇਧਰ ਗੁਰੂ ਸਾਹਿਬ ਜੀ ਦੇ ਧੜ (ਸਰੀਰ) ਨੂੰ ਸੰਭਾਲਣ ਦੀ ਸੇਵਾ ਭਾਈ ਲੱਖੀ ਸ਼ਾਹ ਜੀ ਨੇ ਕੀਤੀ। ਜਿਸ ਦਿਨ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ, ਉਸ ਦਿਨ ਭਾਈ ਲੱਖੀ ਸ਼ਾਹ ਜੀ ਆਪਣੇ ਟਾਂਡੇ (ਬੈਲ ਗੱਡੀਆਂ ਦਾ ਕਾਫਲਾ), ਜਿਸ ਵਿੱਚ ਚੂਨਾ ਲੱਦਿਆ ਹੋਇਆ ਸੀ, ਸਹਿਤ ਨਾਰਨੌਲ (ਹਰਿਆਣਾ) ਤੋਂ ਦਿੱਲੀ ਪਹੁੰਚੇ ਸਨ। ਭਾਈ ਲੱਖੀ ਸ਼ਾਹ ਜੀ ਨੇ ਆਪਣੀਆਂ ਬੈਲ ਗੱਡੀਆਂ ਲਿਆ ਕੇ, ਚਾਂਦਨੀ ਚੌਂਕ ਖੜ੍ਹੀਆਂ ਕਰ ਦਿੱਤੀਆਂ ਅਤੇ ਮੌਕਾ ਦੇਖ ਕੇ, ਮੁਗਲ ਹਕੂਮਤ ਦੀ ਪਰਵਾਹ ਕੀਤੇ ਬਿਨਾਂ, ਆਪਣੇ ਪੁੱਤਰ ਭਾਈ ਨਗਾਹੀਆ ਜੀ ਤੇ ਹੋਰ ਸਿੱਖਾਂ ਦੀ ਮਦਦ ਨਾਲ, ਗੁਰੂ ਸਾਹਿਬ ਜੀ ਦਾ ਧੜ (ਸਰੀਰ) ਆਪਣੇ ਗੱਡੇ 'ਤੇ ਰੱਖ ਕੇ ਆਪਣੇ ਘਰ ਲੈ ਗਏ। ਘਰ ਅੰਦਰ ਹੀ ਚਿਖਾ ਤਿਆਰ ਕੀਤੀ ਅਤੇ ਗੁਰੂ ਸਾਹਿਬ ਜੀ ਦੀ ਪਾਵਨ ਦੇਹ ਨੂੰ ਚਿਖਾ 'ਤੇ ਰੱਖ ਕੇ, ਘਰ ਨੂੰ ਹੀ ਅੱਗ ਲਾ ਦਿੱਤੀ ਤਾਂ ਜੋ ਕਿਸੇ ਨੂੰ ਕੋਈ ਸ਼ੱਕ ਨੇ ਹੋਵੇ। ਦਿੱਲੀ ਵਿਖੇ, ਜਿਸ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਧੜ (ਸਰੀਰ) ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ 'ਤੇ ਸੁੰਦਰ ਗੁਰਦੁਆਰਾ ਰਕਾਬਗੰਜ ਸਾਹਿਬ ਸੁਭਾਇਮਾਨ ਹੈ।

**ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਹਾਦਤ ਨਾਲ ਸੰਬੰਧਤ ਕੁੱਝ ਮਹੱਤਵਪੂਰਨ ਨੁਕਤੇ ਹੇਠ ਲਿਖੇ ਅਨੁਸਾਰ ਹਨ -**

**ੳ**) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾ ਤਾਂ ਆਪ ਜੰਞੂ ਪਹਿਨਦੇ ਸਨ ਤੇ ਨਾ ਹੀ ਜੰਞੂ ਪਹਿਨਣ ਦੇ ਹਾਮੀ ਸਨ। ਗੁਰੂ ਨਾਨਕ ਦੇਵ ਜੀ ਨੇ ਤਾਂ ਪਹਿਲਾਂ ਹੀ ਕਪਾਹ ਦੇ ਬਣੇ ਜੰਞੂ ਪਹਿਨਣ ਤੋਂ ਇੰਨਕਾਰ ਕਰ ਦਿੱਤਾ ਸੀ। ਫਿਰ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਜੰਞੂ ਦੀ ਰੱਖਿਆ ਖ਼ਾਤਰ, ਆਪਣੀ ਸ਼ਹਾਦਤ ਦੇ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੀ ਸਭ ਤੋਂ ਵਿਲੱਖਣ ਗੱਲ ਇਹ ਹੈ ਕਿ ਗੁਰੂ ਸਾਹਿਬ ਜੀ ਨੇ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ।

**ਅ**) ਗੁਰੂ ਸਾਹਿਬ ਜੀ ਕਿਸੇ ਫਿਰਕੇ ਜਾਂ ਧਰਮ ਦੇ ਖਿਲਾਫ ਨਹੀਂ ਸਨ। ਓਹਨਾਂ ਦਿਨਾਂ 'ਚ, ਮੁਗਲ ਹਕੂਮਤ ਬਹੁਤ ਜ਼ਾਲਮ ਸੀ ਤੇ ਹਿੰਦੂਆਂ 'ਤੇ ਜ਼ੁਲਮ ਕਰ ਰਹੀ ਸੀ। ਜਿਸ ਕਾਰਨ ਗੁਰੂ ਸਾਹਿਬ ਜੀ ਨੇ ਹਿੰਦੂਆਂ ਦੀ ਬਾਂਹ ਫੜੀ ਤੇ ਹਿੰਦੂਆਂ ਦੀ ਰੱਖਿਆ ਲਈ, ਮੁਗਲ ਹਕੂਮਤ ਨਾਲ ਟਾਕਰਾ ਕੀਤਾ ਤੇ ਆਪਣੀ ਸ਼ਹਾਦਤ ਦਿੱਤੀ। ਉਸ ਸਮੇਂ ਜੇ ਕੋਈ ਹੋਰ ਜ਼ਾਲਮ ਹਕੂਮਤ, ਜ਼ੁਲਮ ਕਰ ਰਹੀ ਹੁੰਦੀ ਤਾਂ ਗੁਰੂ ਸਾਹਿਬ ਜੀ ਉਸ ਜ਼ਾਲਮ ਹਕੂਮਤ ਨਾਲ ਵੀ ਇਸੇ ਤਰ੍ਹਾਂ ਹੀ ਟਾਕਰਾ ਕਰਦੇ ਤੇ ਪੀੜਤਾਂ ਦੀ ਰੱਖਿਆ ਕਰਦੇ। ਗੁਰੂ ਸਾਹਿਬਾਨ ਜੀ ਦਾ ਫਲਸਫਾ ਹੀ ਇਹੋ ਹੈ ਕਿ ਜ਼ਾਲਮ ਦੇ ਜ਼ੁਲਮਾਂ ਨਾਲ ਟਾਕਰਾ ਕਰਨਾ ਹੈ ਤੇ ਪੀੜਤਾਂ ਦੀ ਬਾਂਹ ਫੜ ਕੇ, ਓਹਨਾਂ ਦੀ ਰੱਖਿਆ ਕਰਨੀ ਹੈ।

**ੲ**) ਇਤਿਹਾਸ ਅੰਦਰ ਇਹ ਪਹਿਲਾ ਮੌਕਾ ਸੀ ਜਦੋਂ ਮਕਤੂਲ (ਸ਼ਹਾਦਤ ਦੇਣ ਵਾਲਾ), ਆਪਣੀ ਸ਼ਹਾਦਤ ਦੇਣ ਲਈ, ਆਪ ਚੱਲ ਕੇ ਕਾਤਲ ਕੋਲ ਗਿਆ ਸੀ। ਦੁਨੀਆ ਦੇ ਇਤਿਹਾਸ 'ਚ ਇਹੋ ਜਿਹੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਇਸੇ ਲਈ ਲਾਲਾ ਦੌਲਤ ਰਾਇ ਨੇ ਲਿਖਿਆ ਹੈ, "ਆਜ ਤੱਕ ਯਿਹ ਤੋ ਹੁਆ ਹੈ ਕਿ ਕਾਤਲ, ਮਕਤੂਲ ਕੇ ਪਾਸ ਜਾਏ, ਯਿਹ ਨਹੀਂ ਕਿ ਮਕਤੂਲ ਕਾਤਲ ਕੇ ਪਾਸ ਆਏ। ਐਸਾ ਕਰਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਉਲਟੀ ਗੰਗਾ ਬਹਾ ਦੀ।"

ਇੰਝ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਦਿੱਤੀ ਗਈ ਲਾਸਾਨੀ ਸ਼ਹਾਦਤ, ਆਪਣੇ ਆਪ 'ਚ, ਇੱਕ ਬੇਮਿਸਾਲ, ਅਨੋਖੀ, ਅਦੁੱਤੀ ਤੇ ਵਿਲੱਖਣ ਸ਼ਹਾਦਤ ਸੀ, ਜਿਸ ਦੀ ਕੋਈ ਹੋਰ ਉਦਾਹਰਣ ਦੁਨੀਆਂ ਦੇ ਇਤਿਹਾਸ 'ਚ ਨਹੀਂ ਮਿਲਦੀ। ਗੁਰੂ ਸਾਹਿਬ ਜੀ ਦੁਆਰਾ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ ਗਈ ਸ਼ਹਾਦਤ ਕਾਰਨ ਹੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ "ਧਰਮ ਦੀ ਚਾਦਰ" ਕਿਹਾ ਜਾਂਦਾ ਹੈ।

**ਪਰਮਜੀਤ ਸਿੰਘ "ਸੁਚਿੰਤਨ"**
**ਲੁਧਿਆਣਾ (ਪੰਜਾਬ)**
**97791-24500**

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਸਤੰਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਸਤੰਬਰ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਸਤੰਬਰ ਮਹੀਨੇ ਦੀ ਕੁੱਲ ਆਮਦਨ - 4,92,544/- ਰੁਪਏ

ਸਤੰਬਰ ਮਹੀਨੇ ਦਾ ਕੁੱਲ ਖਰਚਾ - 5,87,424/- ਰੁਪਏ

2. **ਸਤੰਬਰ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 16.09.2025 ਨੂੰ ਅੱਸੂ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਬੜੇ ਹੀ ਸ਼ਰਧਾ-ਭਾਵ ਮਨਾਇਆ ਗਿਆ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਬਹੁਤ ਹੀ ਰਸਭਿੰਨਾ ਕੀਰਤਨ ਕਰਕੇ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ। ਸੀਨੀ. ਮੀਤ ਪ੍ਰਧਾਨ (ਹੈ.ਕੁ.), ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਹੈ.ਕੁ. ਨੇ ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਤਹਿ ਦਿਲੋ ਧੰਨਵਾਦ ਕੀਤਾ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਡਾ. ਅਕਸ਼ੇ ਠਾਕੁਰ (ਐਮ.ਡੀ.ਐਸ.) ਡੈਂਟਲ ਕਲੀਨਿਕ ਦਾ ਕੰਮ ਚੰਗੇ ਤਰੀਕੇ ਨਾਲ ਅਤੇ ਬੜੀ ਹੀ ਜ਼ਿੰਮੇਵਾਰੀ ਨਾਲ ਨਿਭਾ ਰਹੇ ਹਨ। ਕਾਫ਼ੀ ਮਰੀਜ਼ ਇਥੇ ਦੀਆਂ ਡੈਂਟਲ ਸੇਵਾਵਾਂ ਦਾ ਲਾਭ ਲੈ ਰਹੇ ਹਨ।

4. **ਕਾਰਜਕਾਰਨੀ ਕਮੇਟੀ ਦੀ ਮੀਟਿੰਗ ਬਾਰੇ** - ਕਾਰਜਕਾਰਨੀ ਕਮੇਟੀ ਦੀ ਮੀਟਿੰਗ ਮਿਤੀ 27.09.2025 ਨੂੰ ਸਵੇਰੇ ਭਵਨ ਦੇ ਮਿੰਨੀ ਲੈਕਚਰ ਹਾਲ ਵਿਚ ਹੋਈ। ਜਿਸ ਵਿਚ ਕਾਰਜਕਾਰਨੀ ਕਮੇਟੀ ਦੇ ਲਗਭਗ 55 ਮੈਂਬਰਾਂ ਨੇ ਆਪਣੀ ਹਾਜ਼ਰੀ ਭਰੀ। ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਸੀਨੀ. ਵਾਇਸ ਪ੍ਰਧਾਨ ਜੀ ਨੇ ਮੀਟਿੰਗ ਦੀ ਸ਼ੁਰੂਆਤ ਸੰਗਤੀ ਰੂਪ ਵਿਚ ਮੂਲ-ਮੰਤਰ ਅਤੇ ਗੁਰ-ਮੰਤਰ ਦੇ ਜਾਪ ਕਰਕੇ ਕੀਤੀ ਗਈ। ਸ. ਹਰਮਨਪ੍ਰੀਤ ਸਿੰਘ ਮੁਲਤਾਨੀ, ਜਨਰਲ ਸਕੱਤਰ ਵਲੋਂ ਮੀਟਿੰਗ ਵਿਚ ਹਾਜ਼ਰ ਹੋਏ ਮੈਂਬਰਾਂ ਦਾ ਸੁਆਗਤ ਕੀਤਾ ਗਿਆ। ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਜੀ ਨੇ ਮੀਟਿੰਗ ਵਿਚ ਸੁਆਗਤੀ ਭਾਸ਼ਣ ਦਿੰਦੇ ਹੋਏ ਲੁਬਾਣਾ ਬਿਰਾਦਰੀ ਅਤੇ ਭਵਨ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਵਿਚਾਰ ਅਤੇ ਸੁਝਾਅ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਨਾਲ ਸਾਂਝੇ ਕੀਤੇ। ਬ.ਮ.ਸ.ਲ. ਫ਼ਾਊਂਡੇਸ਼ਨ (ਰਜਿ.), ਚੰਡੀਗੜ੍ਹ ਦੇ ਸਾਡੇ ਜੋ ਮੈਂਬਰ ਅਕਾਲ ਚਲਾਣਾ ਕਰ ਗਏ ਸਨ, ਸਮੂਹ ਮੈਨੇਜਮੈਂਟ ਵਲੋਂ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਕੇ ਪਰਮ ਪਿਤਾ ਪਰਮਾਤਮਾ ਅੱਗੇ ਅਰਦਾਸ ਕੀਤੀ ਗਈ ਕਿ ਵਿਛੜੀ ਹੋਈਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਆਵਾਗਮਨ ਦੇ ਚੱਕਰਾਂ ਤੋਂ ਮੁਕਤ ਕਰਨ। ਇਸ ਤੋਂ ਉਪਰੰਤ ਸ. ਸੁਰਜੀਤ ਸਿੰਘ ਜੀ, ਵਿੱਤ ਸਕੱਤਰ ਨੇ ਮਿਤੀ 01.03.2025 ਤੋਂ 31.08.2025 ਤੱਕ ਦੇ ਮਹੀਨੇ ਦੇ ਆਮਦਨ ਅਤੇ ਖਰਚਿਆਂ ਦਾ ਵਿਸਤਾਰਪੂਰਵਕ ਵੇਰਵਾ ਅਤੇ ਰਿਪੋਰਟ ਕਾਰਜਕਾਰਨੀ ਦੀ ਇਸ ਮੀਟਿੰਗ ਵਿਚ ਪੇਸ਼ ਕੀਤਾ ਜਿਸ ਨੂੰ ਪ੍ਰਧਾਨ ਜੀ ਸਮੇਤ ਹਾਜ਼ਰ ਹੋਏ ਸਾਰੇ ਮੈਂਬਰਾਂ ਨੇ ਹੱਥ ਖੜ੍ਹੇ ਪ੍ਰਵਾਨਗੀ ਦਿੱਤੀ। ਕਰਨਲ ਗੁਰਦੀਪ ਸਿੰਘ (ਰਿਟਾ.), ਵੀ.ਪੀ (ਹੈ.ਕੁ.) ਨੇ ਏਜੰਡੇ ਮੁਤਾਬਿਕ ਯੂ.ਟੀ. ਐਡਮੀਨੀਸਟ੍ਰੇਸ਼ਨ ਤੋਂ ਭਾਈ ਲੱਖੀ ਸ਼ਾਹ ਬਲਾਕ ਦੀ ਨਵੀਂ ਬਿਲਡਿੰਗ ਬਨਾਉਣ ਲਈ

ਹਾਸਲ ਕੀਤੇ ਗਏ ਦਸਤਾਵੇਜ਼ਾਂ ਬਾਰੇ ਵਿਸਤਾਰ ਵਿਚ ਜਾਣਕਾਰੀ ਇਸ ਮੀਟਿੰਗ ਵਿਚ ਪੇਸ਼ ਕੀਤੀ। ਇਸ ਮੀਟਿੰਗ ਵਿਚ ਕਾਰਜਕਾਰਨੀ ਕਮੇਟੀ ਦੇ ਮੈਂਬਰ ਸ. ਮੱਖਣ ਸਿੰਘ ਲੁਬਾਣਾ ਜੀ ਜੋ ਕਿ ਬੀਤੇ ਦਿਨ ਹੀ ਜ਼ਿਲ੍ਹਾ ਪ੍ਰੀਸ਼ਦ, ਅੰਬਾਲਾ ਦੇ ਨਿਰਵਿਰੋਧ ਚੇਅਰਮੈਨ ਚੁਣੇ ਗਏ ਹਨ, ਪ੍ਰਧਾਨ ਜੀ ਅਤੇ ਸਮੂਹ ਮੈਨੇਜਮੈਂਟ ਬ.ਮ.ਸ਼.ਲ. ਫ਼ਾਉਂਡੇਸ਼ਨ, ਚੰਡੀਗੜ੍ਹ ਵਲੋਂ ਉਹਨਾਂ ਦੇ ਭਵਨ ਪਹੁੰਚਣ ਤੇ ਸਨਮਾਨ-ਚਿੰਨ੍ਹ ਦੇ ਕੇ ਸਨਮਾਨ ਅਤੇ ਸੁਆਗਤ ਕੀਤਾ ਗਿਆ। ਮੀਟਿੰਗ ਵਿਚ ਉਹਨਾਂ ਨੇ ਬਿਰਾਦਰੀ ਦੇ ਭਲੇ ਲਈ ਆਪਣੇ ਵੱਡਮੁੱਲੇ ਵਿਚਾਰ ਅਤੇ ਸੁਝਾਅ ਕਾਰਜਕਾਰਨੀ ਮੈਂਬਰਾਂ ਅੱਗੇ ਸਾਂਝੇ ਕੀਤੇ। ਕਾਰਜਕਾਰਨੀ ਕਮੇਟੀ ਇਹ ਮੀਟਿੰਗ ਬੜੇ ਹੀ ਸੁਚਾਰੂ ਅਤੇ ਸੁਚੱਜੇ ਢੰਗ ਨਾਲ ਏਜੰਡੇ ਮੁਤਾਬਿਤ ਸਰਵ-ਸੰਮਤੀ ਨਾਲ ਸਮਾਪਤ ਕੀਤੀ ਗਈ।

5. **ਮੈਰਿਟ ਕਮ ਮੀਨਜ਼ ਸਕਾਲਰਸ਼ਿਪ** - ਇਸ ਸਕੀਮ ਦੇ ਅਧੀਨ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਦੀ ਕਨਵੀਨਰਸ਼ਿਪ ਅਤੇ ਕਰਨਲ ਗੁਰਦੀਪ ਸਿੰਘ (ਰਿਟਾ.) ਜੀ ਦੀ ਕੋ-ਕਨਵੀਨਰਸ਼ਿਪ ਹੇਠ ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਜੀ ਦੀ ਪ੍ਰਵਾਨਗੀ ਉਪਰੰਤ 2024-25 ਦੇ ਸਾਰੇ ਪ੍ਰਾਪਤ ਕੀਤੇ ਗਏ ਫ਼ਾਰਮਾਂ ਦੀ ਬਣਦੀ ਰਾਸ਼ੀ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿਚ ਅਦਾ ਕਰ ਦਿੱਤੀ ਗਈ ਹੈ। ਲੋੜਵੰਦ ਅਤੇ ਹੋਣਹਾਰ ਵਿਦਿਆਰਥੀਆਂ ਦੀ ਮਦਦ ਕਰਨ ਦੇ ਸੰਬੰਧ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.) ਸੈਕਟਰ-30ਏ, ਚੰਡੀਗੜ੍ਹ ਵਲੋਂ ਜਾਰੀ ਕੀਤੀ ਗਈ ਇਸ ਸਕੀਮ ਦੇ ਅਧੀਨ ਸਾਲ 2025-26 ਦੇ ਸਕਾਲਰਸ਼ਿਪ ਦਾ ਫ਼ਾਰਮ ਅਗਲੇ ਮਹੀਨੇ ਦੀ ਮੈਗਜ਼ੀਨ ਵਿਚ ਛਾਪਿਆ ਜਾਏਗਾ।

6. **ਜੋਨਲ ਪਲਾਨ ਵਿਚ ਸੁਧਾਰ ਸੰਬੰਧੀ ਪੱਤਰ ਬਾਰੇ** - ਇਸ ਸੰਬੰਧ ਵਿਚ ਕਰਨਲ ਗੁਰਦੀਪ ਸਿੰਘ (ਰਿਟਾ.), ਵੀ.ਪੀ. (ਹੈ.ਕੁ.) ਨੇ ਆਰਕੀਟੈਕਟ ਡਿਪਾਰਟਮੈਂਟ, ਚੰਡੀਗੜ੍ਹ ਨਾਲ ਸੰਪਰਕ ਕੀਤਾ ਅਤੇ ਜਲਦ ਹੀ ਉਹਨਾਂ ਵਲੋਂ ਪੱਤਰ ਦੇ ਉੱਤਰ ਦੀ ਉਮੀਦ ਕੀਤੀ ਜਾ ਰਹੀ ਹੈ।

7. **"ਗੁਰੂ ਲਾਧੋ ਰੇ" ਦਿਵਸ ਮਨਾਉਣ ਸੰਬੰਧੀ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ "ਗੁਰੂ ਲਾਧੋ ਰੇ" ਦਿਵਸ ਬੜੀ ਹੀ ਧੂਮਧਾਮ ਅਤੇ ਸ਼ਰਧਾਪੂਰਵਕ ਢੰਗ ਨਾਲ ਮਿਤੀ 12.10.2025 ਦਿਨ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਜਿਸ ਵਿਚ ਕੀਰਤਨੀ ਭਾਈ ਅਮਨਦੀਪ ਸਿੰਘ ਜੀ, ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਅਤੇ ਕਥਾਵਾਚਕ ਭਾਈ ਚਰਨਜੀਤ ਸਿੰਘ ਜੀ, ਗੁਰਦੁਆਰਾ ਸ੍ਰੀ ਅੰਬ ਸਾਹਿਬ, ਮੋਹਾਲੀ ਅਤੇ ਕੀਰਤਨੀ ਭਾਈ ਤਜਿੰਦਰ ਸਿੰਘ ਜੀ, ਚੰਡੀਗੜ੍ਹ ਵਲੋਂ ਰਸਭਿੰਨਾ ਕੀਰਤਨ ਕੀਤਾ ਜਾਏਗਾ। ਲੁਬਾਣਾ ਬਿਰਾਦਰੀ ਦੇ ਸਾਰੇ ਮਾਨਯੋਗ ਅਤੇ ਸਤਿਕਾਰਯੋਗ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ੁਭ ਅਵਸਰ ਦੇ ਆਪਣੀ ਹਾਜ਼ਰੀ ਜ਼ਰੂਰ ਭਰਨ ਅਤੇ ਇਸ ਅਵਸਰ ਨੂੰ ਯਾਦਗਾਰ ਬਣਾਉਣ ਦੀ ਕ੍ਰਿਪਾਲਤਾ ਕਰਨੀ ਜੀ।

8. **ਭਵਨ ਵਿਚ ਕੀਤੇ ਕੰਮਾਂ ਬਾਰੇ ਜਾਣਕਾਰੀ** - **(ੳ)** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਲੱਗੀ ਹੋਈ ਲਿਫ਼ਟ ਦੇ ਸ਼ੀਸ਼ੇ ਦੇ ਦਰਵਾਜ਼ੇ ਲਗਵਾਉਣ ਦਾ ਕੰਮ ਸਹੀ ਢੰਗ ਨਾਲ ਸੰਪੂਰਨ ਕੀਤਾ ਜਾ ਚੁੱਕਾ ਹੈ।

**(ਅ)** ਬਲਾਕ-ਏ (ਮੇਨ ਆਡਿਟੋਰਿਅਮ ਦੀ ਛੱਤ), ਗੁਰੂ ਘਰ ਦੀ ਛੱਤ ਦੀ ਵਾਟਰ ਪਰੂਫ਼ਿੰਗ ਦਾ ਕੰਮ ਲਗਭਗ ਹੋ ਚੁੱਕਾ ਹੈ ਅਤੇ ਬਲਾਕ-ਬੀ (ਭਾਈ ਮਨੀ ਸਿੰਘ ਬਲਾਕ) ਦੀ ਵਾਟਰ-ਪਰੂਫ਼ਿੰਗ ਦੀ ਕੰਮ ਚੱਲ ਰਿਹਾ ਹੈ।

**(ੲ)** ਭਵਨ ਦੇ ਦਫ਼ਤਰਾਂ ਦੇ ਬਾਹਰ ਅਤੇ ਵਰਾਂਡੇ ਦੇ ਚਾਰੇ ਪਾਸੇ ਐਲ.ਈ.ਡੀ. ਲਾਈਟਾਂ ਲਗਾਈਆਂ ਜਾ ਚੁੱਕੀਆਂ ਹਨ।

**ਖੋਹ ਕੇ ਖਾਣ ਵਾਲਿਆਂ ਦੇ ਕਦੇ ਢਿੱਡ ਨਹੀਂ ਭਰਦੇ,**
**ਤੇ ਵੰਡ ਕੇ ਖਾਣ ਵਾਲੇ ਕਦੇ ਭੁੱਖੇ ਨਹੀਂ ਰਹਿੰਦੇ।**

# ਸ੍ਰੀ ਅੰਮ੍ਰਿਤਸਰ ਵਿਖੇ ਬੰਦੀ ਛੋੜ ਦਿਵਸ ਤੇ ਦੀਪਮਾਲਾ ਦਾ ਇਤਿਹਾਸਕ ਪਿਛੋਕੜ

ਪ੍ਰਿੰ. ਸਤਿਬੀਰ ਸਿੰਘ (ਗੁਰਪੁਰਵਾਸੀ)



ਜਹਾਂਗੀਰ ਨੂੰ ਇਕ ਅੱਖ ਨਹੀਂ ਭਾਉਂਦਾ ਸੀ ਕਿ ਸ੍ਰੀ ਅਕਾਲ ਤਖ਼ਤ ਦੀ ਸਾਜਨਾ ਗੁਰੂ ਹਰਿਗੋਬਿੰਦ ਜੀ ਨੇ ਕਿਉਂ ਕੀਤੀ ਹੈ, ਦੋ ਤਲਵਾਰਾਂ ਕਿਉਂ ਧਾਰਨ ਕੀਤੀਆਂ ਹਨ, ਅੰਮ੍ਰਿਤਸਰ ਦੀ ਪਨਾਹ ਕਿਉਂ ਬਣਵਾਈ, ਲੋਹਗੜ੍ਹ ਕਿਉਂ ਸਿਰਜਿਆ ਅਤੇ ਤਖ਼ਤ ਤੇ ਬੈਠਣ ਵੇਲੇ ਇਹ ਹੁਕਮ ਕਿਉਂ ਜਾਰੀ ਕੀਤੇ ਕਿ – 'ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜੁਆਨੀ ਹੈ।'

ਪਹਿਲਾਂ ਆਦਰ ਨਾਲ ਆਗਰੇ ਬੁਲਾਇਆ ਅਤੇ ਫਿਰ ਆਗਰੇ ਪੁੱਜਣ 'ਤੇ ਹੀ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਕੇ ਗਵਾਲੀਅਰ ਬੰਦੀ ਬਣਾ ਦਿੱਤਾ ਗਿਆ। ਗਵਾਲੀਅਰ–ਕਿਲ੍ਹਾ, ਕਿਲ੍ਹਾ ਨਾ ਹੋ ਕੇ ਇਕ ਐਸੀ ਕੈਦ ਦੀ ਕੋਠੜੀ ਸੀ ਜਿੱਥੋਂ ਕੋਈ ਵਿਰਲਾ ਹੀ ਬਚ ਨਿਕਲਿਆ ਸੀ। ਪਹਿਲਾਂ ਗੁਰੂ ਜੀ ਨੂੰ ਜ਼ਹਿਰ ਭਰਿਆ ਚੋਲਾ ਪਹਿਨਾਉਣ ਦੀ ਕੋਸ਼ਿਸ਼ ਹੋਈ ਪਰ ਹਰਿਦਾਸ ਦਰੋਗਾ ਖਰੀਦਿਆ ਨਾ ਜਾ ਸਕਿਆ। ਹਰਿਦਾਸ ਨੇ ਸਗੋਂ ਗੁਰੂ ਜੀ ਨੂੰ ਸਾਰੀ ਗੱਲ ਦੱਸ ਦਿੱਤੀ ਕਿ ਬੜਾ ਮਾਰੂ ਹੱਲਾ ਦੋਖੀ ਕਰਨਾ ਚਾਹੁੰਦੇ ਹਨ। ਇਹ ਵੀ ਦਰੋਗੇ ਨੇ ਹੀ ਦੱਸਿਆ ਕਿ ਏਥੇ ਖਾਣੇ ਵਿਚ ਮਿੱਠਾ ਜ਼ਹਿਰ ਦਿੱਤਾ ਜਾਂਦਾ ਹੈ ਜਿਸ ਦੇ ਸੇਵਨ ਨਾਲ ਬੰਦਾ ਚੁੜ–ਚੁੜ ਕੇ ਮਰਦਾ ਹੈ। ਗੁਰੂ ਜੀ ਨੇ ਨਿਰਣਾ ਲੈ ਲਿਆ ਕਿ ਜੇਲ੍ਹ ਦਾ ਖਾਣਾ, ਖਾਣਾ ਹੀ ਨਹੀਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਅੱਠਵੇਂ ਅਧਿਆਏ ਅਨੁਸਾਰ –

**ਸ੍ਰੀ ਮੁਖ ਕਹਾ ਕਿਰਤਿ ਕਰਿ ਲਯਾਵੋ**
**ਸੋ ਭੋਜਨ ਹਮ ਕੌ ਕਰਵਾਵੋ ॥੪੮੫॥**

ਇਕ ਠਠਿਆਰ ਜੋ ਕਿ ਕਿਰਤ ਕਰਕੇ ਕਮਾਉਂਦਾ ਸੀ, ਉਸ ਦੀ ਕਮਾਈ ਨਾਲ ਤਿਆਰ ਕੀਤਾ ਪ੍ਰਸ਼ਾਦ ਗੁਰੂ ਜੀ ਖਾਂਦੇ –

**'ਜੋ ਕਿਛੁ ਰੋਜ਼ ਕਿਰਤਿ ਕਰਿ ਲਯਾਵੋ।**
**ਆਇ ਦਿਵਸੁ ਪ੍ਰਸਾਦਿ ਕਰਾਵੈ।...੪੮੮॥**

ਜੋ ਰੋਜ਼ਾਨਾ ਦਾ ਪੰਜ ਸੌ ਰੁਪਿਆ ਗੁਰੂ ਜੀ ਨੂੰ ਮਿਲਦਾ ਸੀ ਉਹ ਰਾਜਿਆਂ ਨੂੰ ਹੀ ਵੰਡ ਦਿੰਦੇ ਸਨ –

**ਰੁਪਯਾ ਪੰਜ ਸੈ ਸ਼ਾਹ ਪਠਾਵੈ।**
**ਸ੍ਰੀ ਗੁਰੂ ਭੋਜਨੁ ਤਿਹ ਕਰਾਵੈ ॥੪੮੩॥**

**ਦੋਹਰਾ -**

**ਬੰਦੀਖਾਨੇ ਜੋ ਪਰੇ ਤਿਨ ਕੋ ਦੇਤ ਖਵਾਇ।**
**ਅੰਗੀਕਾਰ ਨ ਗੁਰ ਕਰੈਂ ਐਸੇ ਨਿੱਤ ਕਰਾਇ ॥੪੮੪॥**

ਗੁਰੂ ਮਹਾਰਾਜ ਦੀ ਗ੍ਰਿਫ਼ਤਾਰੀ ਸੁਣ ਕੇ ਸੰਗਤਾਂ ਵਿਆਕੁਲ ਹੋਣ ਲੱਗ ਪਈਆਂ। ਬਾਬਾ ਬੁੱਢਾ ਜੀ ਨੇ ਅਕਾਲ ਤਖ਼ਤ ਤੋਂ ਚੌਂਕੀ ਕੱਢਣ ਦੀ ਪਿਰਤ ਪਾਈ। ਕ੍ਰਿਪਾਨਾਂ ਧਾਰ ਤੇ ਮਸ਼ਾਲਾਂ ਹੱਥ ਲੈ, ਸੰਗਤਾਂ ਸ਼ਬਦ ਪੜ੍ਹਦੀਆਂ ਦਰਬਾਰ ਸਾਹਿਬ ਦੀ ਪ੍ਰਕਰਮਾਂ ਕਰਦੀਆਂ। ਸ੍ਰੀ ਦਰਬਾਰ ਸਾਹਿਬ ਦੀ

ਅੰਦਰਲੀ ਦਹਲੀਜ਼ ਤੋਂ ਬਾਹਰੋਂ ਹੀ ਮੁੜ ਜਾਂਦੀਆਂ। ਇਹ ਦਰਸਾਉਣ ਲਈ ਕਿ ਗੁਰੂ-ਪਾਤਸ਼ਾਹ ਦੇ ਦਰਸ਼ਨ ਨਾ ਹੋਣ ਕਾਰਨ ਵਿਆਕੁਲ ਹੋਏ ਹਾਂ। ਜਦ ਗੁਰੂ ਹਰਿਗੋਬਿੰਦ ਜੀ ਵਾਪਸ ਸ੍ਰੀ ਦਰਬਾਰ ਸਾਹਿਬ ਮੁੜੇ ਤਾਂ ਇਸ ਮਰਿਯਾਦਾ ਨੂੰ ਕਾਇਮ ਰੱਖਿਆ ਗਿਆ। ਅੱਜ ਵੀ ਜਦ ਚੌਕੀ ਅੰਦਰਲੀ ਦਹਿਲੀਜ਼ 'ਤੇ ਪੁੱਜਦੀ ਹੈ ਤਾਂ ਬਾਬਾ ਬੁੱਢਾ ਜੀ ਅਤੇ ਚੌਕੀ ਸਾਹਿਬ ਦੇ ਆਦਰ ਵਜੋਂ ਦਰਬਾਰ ਸਾਹਿਬ ਲਈ ਕੀਰਤਨ ਕੁਝ ਮਿੰਟ ਰੋਕ ਦਿੱਤਾ ਜਾਂਦਾ ਹੈ। ਮਹਾਰਾਜ ਨੇ ਇਹ ਬਚਨ ਵੀ ਕੀਤਾ ਸੀ ਜੋ ਇਕ-ਮਨ-ਚਿੱਤ ਸ਼ਬਦ ਪੜ੍ਹੇਗਾ ਉਸਨੂੰ ਇਸ ਚੌਕੀ ਵਿਚੋਂ ਮੇਰੇ ਹੀ ਦੀਦਾਰ ਹੋਣਗੇ! ਇਹ ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਅਰਦਾਸ ਦਾ ਹਿੱਸਾ ਬਣ ਗਈਆਂ। ਪੰਜਾਬ ਵਿਚੋਂ ਕਈ ਥਾਵਾਂ ਨਗਰਾਂ ਤੋਂ ਹੋ ਕੇ ਚੌਕੀਆਂ ਗਵਾਲੀਅਰ ਪੁੱਜਦੀਆਂ। ਕਿਲ੍ਹੇ ਦੀ ਪ੍ਰਕਰਮਾਂ ਕਰਕੇ ਮੁੜਦੀਆਂ। ਭਾਈ ਜੇਠਾ ਜੀ ਰਾਤ ਆਗਰੇ ਦੇ ਕਿਲ੍ਹੇ ਜਾ ਕੇ ਸ਼ੇਰ ਦਾ ਰੂਪ ਧਾਰ ਕੇ ਜਹਾਂਗੀਰ ਨੂੰ ਡਰਾ ਤਕ ਆਏ ਸਨ। ਜਹਾਂਗੀਰ ਇਤਨਾ ਘਬਰਾਇਆ ਕਿ ਹਕੀਮਾਂ ਕੋਲੋਂ ਉਪਾਅ ਪੁੱਛੇ। ਵਜ਼ੀਰ ਖਾਨ ਤੇ ਮੀਆਂ ਮੀਰ ਨੇ ਜਾ ਸਮਝਾਇਆ ਕਿ ਅੱਗੇ ਗੁਰੂ ਅਰਜਨ-ਸਾਹਿਬ ਨੂੰ ਸ਼ਹੀਦ ਕਰ ਕੇ ਕਹਿਰ ਕਮਾਇਆ ਈ, ਹੁਣ ਗੁਰੂ ਹਰਿਗੋਬਿੰਦ ਜੀ ਨੂੰ ਬੰਦੀ ਵਿਚ ਰੱਖ ਕੇ ਨਾ ਕਮਾ -

**ਸ੍ਰੀ ਗੁਰੂ ਰੂਪ ਅਲਾਹੀ ਜਾਨ।...੫੨੧॥**

ਨੂਰ ਜਹਾਨ ਨੇ ਵੀ ਸਮਝਾਇਆ ਕਿ ਸਾਈਂ ਦੀ ਜ਼ਾਤ ਸਾਈਂ ਜੈਸੀ ਹੀ ਹੁੰਦੀ ਹੈ। ਜਹਾਂਗੀਰ ਨੇ ਇਕ ਮਨਸਬਦਾਰ ਰਾਹੀਂ ਰਿਹਾਈ ਦਾ ਹੁਕਮ ਭੇਜਿਆ। ਵਜ਼ੀਰ ਖ਼ਾਨ ਆਪੂੰ ਵੀ ਆਇਆ ਪਰ ਗੁਰੂ ਮਹਾਰਾਜ ਨੇ ਕਿਹਾ, ਸਾਡਾ ਮਨ ਇੱਥੋ ਵੀ ਪ੍ਰਭੂ ਨਾਲ ਹੀ ਲੱਗਾ ਹੋਇਆ ਹੈ :

**'ਕਹਾ ਗੁਰੂ ਮਨ ਲਾਗ ਅਭੇਵਾ।'**

ਪਰ ਇਤਨਾ ਜਹਾਂਗੀਰ ਨੂੰ ਆਖ ਦਿਓ ਕਿ ਅਸੀਂ ਤਦ ਹੀ ਰਿਹਾ ਹੋਵਾਂਗੇ ਜਦ ਬਾਕੀ ਬੇਦੋਸ਼ ਬੰਦੀ ਰਾਜੇ ਸਾਡੇ ਨਾਲ ਹੀ ਰਿਹਾ ਕੀਤੇ ਜਾਣਗੇ-

**ਸੁਨੋ ਵਜ਼ੀਰ ਤਬੈ ਹੌਂ ਜਾਵੌਂ।**
**ਜੋ ਬਾਂਧੇ ਸਭਿ ਜੀਵ ਛੁਡਾਵੌਂ॥੫੩੪॥**

**ਦੋਹਰਾ -**

**ਬੰਦੀ ਨ੍ਰਿਪ ਜੇਤੇ ਪਰੇ ਸਭ ਕੋ ਪ੍ਰਥਮ ਛਡਾਇ।**
**ਕਹੋ ਬਾਤ ਇਮ ਸ਼ਾਹ ਸੋਂ ਤੌਂ ਤੁਮਰੇ ਪਹਿ ਆਇ॥੫੩੫॥**

ਵਜ਼ੀਰ ਖਾਨ ਬਾਦਸ਼ਾਹ ਜਹਾਂਗੀਰ ਪਾਸ ਮੁੜ ਆਇਆ ਤੇ ਗਵਾਲੀਅਰ ਵਿਖੇ ਗੁਰੂ ਜੀ ਨਾਲ ਹੋਈ ਸਾਰੀ ਗੱਲ ਦੱਸੀ ਤਾਂ ਜਹਾਂਗੀਰ ਨੇ ਕਿਹਾ - ਸਾਰਿਆਂ ਨੂੰ ਛੱਡ ਦਿਓ ਪਰ ਗੁਰੂ ਜੀ ਦੀ ਮੇਰੇ ਨਾਲ ਮੁਲਾਕਾਤ ਜ਼ਰੂਰ ਕਰਾਵੋ -

**ਖਾਂ ਵਜ਼ੀਰ ਕੋ ਸ਼ਾਹ ਅਲਾਇ।**
**ਛੋਰ ਬੰਦਿ ਸਭਿ ਪੀਰ ਲਿਆਇ॥੫੪੦॥**

ਕਈ ਸਾਲਾਂ ਤੋਂ ਬੰਦੀ ਵਿਚ ਦੁੱਖ ਪਾਉਂਦੇ ਰਾਜੇ ਗੁਰੂ ਜੀ ਦਾ ਪੱਲਾ ਪਕੜ ਕੇ ਰਿਹਾ ਹੋਏ। ਗੁਰੂ ਜਿਹਾ ਕੌਣ ਪਰਉਪਕਾਰੀ ਹੈ ਜਿਸ ਉਤਨਾ ਚਿਰ ਰਿਹਾ ਹੋਣਾ ਨਾ ਮੰਨਿਆ ਜਦ ਤਕ ਬੰਦੀ ਰਾਜੇ ਰਿਹਾ ਨਾ ਹੋਏ!

**ਬਹੁ ਬਰਸਨ ਕੋ ਨ੍ਰਿਪ ਬੰਦਿ ਪਰੇ ਤਨ**
**ਛੀਨ ਮਲੀਨ ਮਹਾਂ ਸ਼੍ਰਮ ਧਾਰੇ।**
**ਗੁਰ ਕੇ ਪਦ ਪੰਕਜ ਦੇਖਤ ਹੀ ਅਘ**
**ਓਘ ਸਭੀ ਨਰ ਕੇ ਕਟਿ ਡਾਰੇ।**
**ਸਿੰਧੁਜਰਾ ਜਸੁ ਬੰਧ ਲੀਏ ਨ੍ਰਿਪ**
**ਰਾਮ ਕੇ ਭ੍ਰਾਤ ਸੁ ਕੀਨ ਉਧਾਰੇ।**
**ਤੈਸੇ ਗੁਰੂ ਨ੍ਰਿਪ ਛੋਰ ਦੀਏ ਗੁਰ ਕੇ**
**ਸਮ ਕੌਨੁ ਕਰੇ ਉਪਕਾਰੇ॥੫੪੬॥**

ਜਦ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਜੀ ਮਿਲੇ ਤਾਂ ਗੁਰੂ ਜੀ ਪਾਸ ਮਾਲਾ ਦੇਖ ਤੇ ਜਹਾਂਗੀਰ ਦੋਸਤੀ ਜਤਲਾਉਣ ਲਈ ਕਹਿਣ ਲੱਗਾ ਕਿ ਆਪਣੀ ਮਾਲਾ ਦਾ ਇਕ ਮਣਕਾ ਮੈਨੂੰ ਦਿਓ ਤਾਂ ਕਿ ਤਸਬੀ ਵਿਚ ਲਗਾ ਕੇ ਫੇਰਾਂ! ਮਹਾਰਾਜ ਨੇ ਕਿਹਾ - ਜਦ ਗੁਰੂ ਅਰਜਨ ਸਾਹਿਬ ਜੀ ਸ਼ਹੀਦ ਹੋਏ ਉਨ੍ਹਾਂ ਪਾਸ ਵੀ ਅਜਿਹੀ ਇਕ ਮਾਲਾ ਸੀ, ਚੰਦੂ ਨੇ ਪਾਸ ਹੀ ਰੱਖ ਲਈ ਹੋਵੇਗੀ!

ਜਹਾਂਗੀਰ ਨੇ ਕਿਹਾ ਕਿ ਮੈਨੂੰ ਬੜੀ ਗਲਤਫਹਿਮੀ ਪਾਈ ਗਈ। ਗੁਰੂ ਹਰਿਗੋਬਿੰਦ ਜੀ ਨੇ ਕਿਹਾ ਜੋ ਤੂੰ ਕੀਤਾ ਹੈ ਇਸ ਦਾ ਹਿਸਾਬ ਹੁਣ ਇਥੇ ਨਹੀਂ, ਦਰਗਾਹ ਹੀ ਹੋਵੇਗਾ! ਹੁਣ ਦੁਹਰਾਉਣ ਦੀ ਲੋੜ ਨਹੀਂ। ਚੁੱਪੀ ਵਿਚ ਹੀ ਭਲਾ ਹੈ -

**ਹਮਰਾ ਤੁਮ ਦਰਗਾਹੇ ਲੇਖਾ।**
**ਯਜ਼ਦਾ ਕਰੇ ਚਰਿਤ ਜਹ ਦੇਖਾ।**
**ਇਹਾ ਕਛੂ ਹਮ ਤੋਹਿ ਨ ਕਹੌਂ।**
**ਬੋਲਤ ਕਾਹਿ ਮੋਨਿ ਹ੍ਵੈ ਰਹੋ॥੫੬੯॥**

ਆਪਣੇ ਆਪ ਨੂੰ ਨਿਰਦੋਸ਼ ਦਰਸਾਉਣ ਲਈ ਚੰਦੂ ਨੂੰ ਜਹਾਂਗੀਰ ਨੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦਾ ਬੇਟਾ ਤੇ ਇਸਤਰੀ ਵੀ ਗੁਰੂ ਜੀ ਦੇ ਹਵਾਲੇ ਕੀਤੇ। ਪਰ ਖਿਮਾ-ਦਾਤਾ ਅਤੇ ਸਾਡੇ ਲਈ ਪੂਰਨੇ ਪਾਉਣ ਵਾਲੇ ਗੁਰੂ-ਪਾਤਸ਼ਾਹ ਨੇ ਕਿਹਾ ਕਿ ਇਨ੍ਹਾਂ ਨੂੰ ਛੱਡ ਦਿਓ, ਇਨ੍ਹਾਂ ਦਾ ਕੀ ਕਸੂਰ ਹੈ?

**ਸ੍ਰੀ ਗੁਰ ਕਹਾ ਇਨੈ ਛੱਡ ਦੀਜੈ।**
**ਇਨ ਕੈ ਵਸਿ ਨਹਿ, ਜੋ ਗਹਿ ਲੀਜੈ॥੫੯੫॥**

ਬਿਧੀ ਚੰਦ ਨੇ ਕਿਹਾ - ਮਹਾਰਾਜ! ਪਾਪੀ ਦੇ ਬੱਚੇ ਦਾ ਵੀ ਜਣ ਬੱਚਾ ਘਾਣ ਕਰ ਦੇਣਾ ਚਾਹੀਦਾ ਹੈ ਪਰ ਗੁਰੂ ਜੀ ਨੇ ਕਿਹਾ - ਨਹੀਂ ਬਿਧੀ ਚੰਦ! ਸੂਰਮਾ ਕਦੀ ਔਰਤ ਅਤੇ ਨਿਹੱਥੇ 'ਤੇ ਹੱਥ ਨਹੀਂ ਉਠਾਉਂਦਾ। ਵੈਰੀ ਨੂੰ ਜੰਗ ਵਿਚ ਹੀ ਮਾਰਨਾ ਫੱਬਦਾ ਹੈ। ਗੁਰ ਬਿਲਾਸ ਨੇ ਇਸ ਵਾਕ ਨੂੰ ਉਚੇਚਾ 'ਸ੍ਰੀ ਗੁਰੋ ਵਾਚ' ਕਹਿ ਕੇ ਦਰਜ ਕੀਤਾ ਹੈ। ਵਾਕ ਹੈ :

**ਜੇ ਸੂਰੇ ਬਲ ਭਾਰ ਧਰਾਵੈ।**
**ਨਾਰੀ ਪਰਿ ਨਹਿ ਵਾਰ ਕਰਾਵੈ॥...੬੧੧॥**

ਬੰਦੀ ਰਾਜਿਆਂ ਜਿਨ੍ਹਾਂ ਨੂੰ ਗੁਰੂ ਜੀ ਨੇ ਗਵਾਲੀਅਰ ਵਿਚੋਂ ਰਿਹਾ ਕਰਵਾਇਆ, ਦੀ ਗਿਣਤੀ 'ਗੁਰਬਿਲਾਸ' ਮੁਤਬਿਕ ਦੋ ਸੌ ਦਸ (੨੧੦) ਸੀ। ਉਨ੍ਹਾਂ ਦੇ ਰਾਜ ਵੀ ਮੁੜਵਾ ਦਿੱਤੇ। ਗੁਰੂ ਮਹਾਰਾਜ ਨੇ ਸਭ ਰਾਜਿਆਂ ਨੂੰ ਕਿਹਾ ਕਿ ਸਭ ਦੁੱਖ ਵਾਹਿਗੁਰੂ ਨੂੰ ਵਿਸਾਰਿਆਂ ਹੀ ਆਉਂਦੇ ਹਨ। ਕਦੇ ਵਾਹਿਗੁਰੂ ਨੂੰ ਨਾ ਭੁਲਾਉਣਾ ਤੇ ਹੁਣ ਬਾਦਸ਼ਾਹ ਨਾਲ ਬਣਾਈ ਰੱਖਣਾ। ਬਗ਼ਾਵਤ ਦੀ ਨਹੀਂ ਸੋਚਣੀ। ਮਿੱਤਰਤਾ ਜਦ ਹੋ ਜਾਏ, ਫਿਰ ਅੰਤਰ ਨਹੀਂ ਰੱਖਣਾ ਚਾਹੀਦਾ-

**ਸਤਿਨਾਮ ਰਿਦੈ ਮੋ ਧਰੋ**
**ਆਗਯਾ ਸ਼ਾਹ ਕਰਾਇ॥੬੦੧॥**

ਵਾਪਸੀ ’ਤੇ ਦਿੱਲੀ ਵਿਖੇ ਫਿਰ ਮਜਨੂੰ ਟਿੱਲੇ ਹੀ ਟਿਕਾਣਾ ਕੀਤਾ। ਸੰਗਤਾਂ ਦਰਸ਼ਨ ਕਰ, ਨਿਹਾਲ ਹੋਈਆਂ। ਮਜਨੂੰ ਨੂੰ ਧੀਰਜ ਦਿੱਤਾ।

ਚੰਦੂ ਪਕੜਿਆ ਨਾਲ ਹੀ ਆ ਰਿਹਾ ਸੀ। ਉਸ ਨੂੰ ਹਰ ਕੋਈ ਲਾਹਨਤ ਪਾਉਂਦਾ ਤੇ ਜੁੱਤੀਆਂ ਵੀ ਮਾਰਦਾ।

ਗੁਰੂ ਜੀ ਦੇ ਆਚਰਣ ਦੀ ਧਾਂਕ ਵੀ ਜਹਾਂਗੀਰ ’ਤੇ ਪਈ। ਨੂਰ ਜਹਾਨ ਦਾ ਚਿਹਰਾ ਚੰਨ ਵਾਂਗੂੰ ਚਮਕਦਾ ਸੀ। ਸ਼ਿੰਗਾਰ ਵੀ ਕੀਤੇ ਹੋਏ ਸਨ ਪਰ ਗੁਰੂ ਜੀ ਦੇ ਕ੍ਰੋੜਾਂ ਸੂਰਜ ਵਰਗੇ ਪ੍ਰਕਾਸ਼ ਸਾਹਮਣੇ ਚੰਨ ਵਿਚਾਰੇ ਦੀ ਹੋਂਦ ਕੀ ਕਰ ਸਕਦੀ ਸੀ? ਨੂਰ ਜਹਾਨ ਦੇ ਪੈਰੀਂ ਝਾਂਜਰ ਦੀ ਆਵਾਜ਼ ਤੇ ਕੀਤੇ ਸ਼ਿੰਗਾਰ ਨੂੰ ਦੇਖ ਮਹਾਰਾਜ ਨੇ ਕਿਹਾ–

ਬੇਟੀ ! ਜੇ ਸਦਾ ਕਾਇਮ ਰਹਿਣ ਵਾਲੇ ਅਲਾਹ ਦੀ ਯਾਦ ਨਾ ਵਿਸਰਨ ਵਾਲਾ ਸ਼ਿੰਗਾਰ ਕਰ ਲਵੇਂ ਤਾਂ ਖੁਦਾ ਨੂੰ ਪਾ ਲਵੇ !

**ਐਸੋ ਸਾਚ ਸ਼ਿੰਗਾਰ ਕਰਿ ਪੁਤ੍ਰੀ ਪਾਇ ਖੁਦਾਇ ॥੬੪੦ ॥**

ਉਸ ਨੂੰ ਲੱਜਾ ਆਈ। ਨੂਰ ਜਹਾਨ ਨੇ ਜਦੋਂ ਪੁੱਛ ਹੀ ਲਿਆ ਕਿ ਇਤਨਾ ਕਾਬੂ ਆਪਣੇ ’ਤੇ ਤੁਸੀਂ ਕਿਵੇਂ ਪਾਇਆ ਹੋਇਆ ਹੈ ਤਾਂ ਆਪ ਜੀ ਨੇ ਫਰਮਾਇਆ–

**ਮੌਤ ਭੁੱਲਦੀ ਨਹੀਂ ਤੇ ਖ਼ੁਦਾ ਦੀ ਯਾਦ ਟੁੱਟਦੀ ਨਹੀਂ।**

ਜਦ ਜਹਾਂਗੀਰ ਨਾਲ ਵੱਖਰੀ ਭੇਂਟ ਹੋਈ ਤਾਂ ਉਸ ਨਿਮਰਤਾ ਨਾਲ ਖਿਮਾ ਮੰਗੀ ਤੇ ਖ਼ਾਹਿਸ਼ ਪ੍ਰਗਟਾਈ ਕਿ ਗੋਇੰਦਵਾਲ ਤੇ ਤਰਨਤਾਰਨ ਦੇ ਦਰਸ਼ਨਾਂ ਬਾਅਦ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਪੁੱਜ ਕੇ ਮਾਤਾ ਜੀ ਕੋਲੋਂ ਕ੍ਰਿਪਾ ਕਰ ਖ਼ਿਮਾ ਲੈ ਦੇਵੋ। ਮਹਾਰਾਜ ਨੇ ਕਿਹਾ – ਜਦ ਜੀਅ ਆਏ, ਉਥੇ ਆਓ। ਗੁਰੂ–ਘਰ ਕੋਈ ਰੋਕ ਨਹੀਂ।

ਗੁਰੂ ਜੀ ਵੀ ਕੁਸਲ ਸੇਤੀ ਸ੍ਰੀ ਅੰਮ੍ਰਿਤਸਰ ਪੁੱਜੇ। ਸਾਰਾ ਇਲਾਕਾ ਹੀ ਦਰਸ਼ਨਾਂ ਲਈ ਉਮਡ ਪਿਆ। ਬਾਬਾ ਬੁੱਢਾ ਜੀ ਨੇ ਸਹੀ ਸਲਾਮਤ ਪੁੱਜਣ ਦੀ ਅਰਦਾਸ ਕੀਤੀ। ਮਾਤਾ ਜੀ ਦੇ ਚਰਨ ਜਦ ਗੁਰੂ ਜੀ ਨੇ ਛੂਹੇ, ਉਨ੍ਹਾਂ ਛਾਤੀ ਨਾਲ ਲਗਾ ਲਿਆ ਤੇ ਕਿਹਾ, ‘ਅੱਜ ਖੁਸ਼ੀ ਸੰਭਾਲੀ ਨਹੀਂ ਜਾਂਦੀ।’

**ਮਾਤਾ ਕੇ ਚਰਨੀ ਲਗੇ ਮਾਤ ਲੀਨ ਉਰਿ ਲਾਇ।**
**ਆਨੰਦ ਸੋਂ ਸੁਤ ਤੁਮ ਆਏ ਪ੍ਰੇਮ ਨ ਚਿੱਤਿ ਸਮਾਇ ॥੬੩੭ ॥**

ਅਜੇ ਗੁਰੂ ਹਰਿਗੋਬਿੰਦ ਜੀ ਸ੍ਰੀ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਖ਼ਬਰ ਪੁੱਜੀ ਕਿ ਜਹਾਂਗੀਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣਾ ਚਾਹੁੰਦੇ ਹਨ। ਗੁਰੂ ਜੀ ਨੇ ਮੋੜਵਾਂ ਸੁਨੇਹਾ ਭੇਜਿਆ ਕਿ ਜਦ ਚਿੱਤ ਚਾਹੇ ਆਵੋ ! ਜਹਾਂਗੀਰ ਤਰਨਤਾਰਨ ਦੇ ਰਾਹ ਬਾਹਰਲੀ ਬਾਹੀ ਸ੍ਰੀ ਦਰਬਾਰ ਸਾਹਿਬ ਪੁੱਜਾ ਤਾਂ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਅੱਗੋਂ ਭੇਜਿਆ ਕਿ ਨਾਲ ਲੈ ਆਵੋ ! ਉਸ ਨੇ ਪਹਿਲਾਂ ਬਾਹਰੋਂ ਹੀ ਸਿਰ ਨਿਵਾਇਆ ਤੇ ਫਿਰ ਅਕਾਲ ਤਖ਼ਤ ’ਤੇ ਕੜਾਹ ਪ੍ਰਸ਼ਾਦ ਕਰਵਾਇਆ। ਮੱਥਾ ਟੇਕਿਆ –

**‘ਦਰਸ ਤਖ਼ਤ ਕਰਿ ਅਨੰਦ ਚੀਨੀ ॥੬੭੬ ॥**

ਫਿਰ ਸ੍ਰੀ ਦਰਬਾਰ ਸਾਹਿਬ ਆਇਆ। ਬੈਠ ਕੀਰਤਨ ਸੁਣਿਆ। ਉਥੇ ਪੰਜ ਸੌ ਮੁਹਰਾਂ ਚੜ੍ਹਾਈਆਂ। ਬਲਵੰਡ ਜੀ ਦਾ ਕੀਰਤਨ ਸੁਣ ਮਨ ਟਿਕਿਆ ਤੇ ਉਸ ਬੇਅੰਤ ਮਾਇਆ ਭੇਟ ਕੀਤੀ। ਕੀਰਤਨ ਦੇ ਭੋਗ ਉਪਰੰਤ ਜਹਾਂਗੀਰ ਨੇ ਮਾਤਾ ਜੀ ਦੇ ਦਰਸ਼ਨਾਂ ਦੀ ਲੋਚਾ ਦੱਸੀ ਤੇ ਗੁਰੂ ਜੀ ਨੂੰ ਕਿਹਾ ਕਿ ਮਾਤਾ ਜੀ ਪਾਸ ਕ੍ਰਿਪਾ ਕਰਕੇ ਲੈ ਚੱਲੋ ਤਾਂ ਕਿ ਜਾ ਕੇ ਖਿਮਾ ਪ੍ਰਾਪਤ ਕਰਾਂ–

**ਚਲੋ ਪੀਰ ਮਾਤਾ ਨਿਕਟਾਇ।**
**ਪਰੀ ਭੂਲ ਮਮ ਛਿਮਾ ਕਰਾਇ ॥੬੮੦ ॥**

ਬੇਅੰਤ ਲੋਕੀਂ ਨਾਲ ਟੁਰ ਪਏ। ਗੁਰੂ ਕੇ ਮਹਿਲ ਜਹਾਂਗੀਰ ਗਿਆ। ਮਾਤਾ ਜੀ ਦੇ ਚਰਨੀਂ ਹੱਥ ਲਗਾ ਕੇ ਪੰਜ ਸੌ ਮੁਹਰਾਂ ਅੱਗੇ ਰੱਖ ਦਿੱਤੀਆਂ ਅਤੇ ਕਿਹਾ –

**ਛਿਮਾ ਮਾਤ ਮਮ ਕੀਜੀਏ,**
**ਮੁੱਖ ਸੋਂ ਕੀਨ ਉਚਾਰ ॥੬੮੪ ॥**

ਮਾਤਾ ਜੀ ਨੇ ਮੁਹਰਾਂ ਉਸੇ ਵਕਤ ਉਠਵਾ ਦਿੱਤੀਆਂ ਤੇ ਲੋੜਵੰਦਾਂ ਨੂੰ ਵੰਡ ਦਿੱਤੀਆਂ। ਜਦ ਜਹਾਂਗੀਰ ਸਫਾਈਆਂ ਦੇਣ ਲੱਗਾ ਤਾਂ ਮਾਤਾ ਜੀ ਨੇ ਕਿਹਾ, ਇਹ ਯਾਦ ਰੱਖਣਾ, ਜਹਾਂਗੀਰ !

**ਗੁਰ ਗ੍ਰਿਹ ਸਾਥਿ ਵੈਰ ਜੋ ਪਾਵੇ,**
**ਹਲਤ ਪਲਤ ਨਿਜ ਦੋਇ ਗਵਾਵੈ ॥੬੮੮ ॥**

ਗੁਰੂ ਤਾਂ ਜਨਮ–ਮਰਨ ਵਿਚ ਨਹੀਂ ਹਨ। ਮੂਰਖ ਲੋਕ ਹੀ ਗੁਰੂ ਨਾਲ ਵੈਰ ਕਮਾਉਂਦੇ ਹਨ। ਜਦ ਤੱਕ ਮਾਤਾ ਜੀ ਨੇ ਮੁਖ ਤੋਂ ‘ਖਿਮਾ ਕੀਤੀ’ ਦੇ ਸ਼ਬਦ ਨਾ ਆਖੇ ਉਤਨੀ ਦੇਰ ਉਸ ਨੂੰ ਚੈਨ ਨਾ ਆਇਆ। ਮਾਤਾ ਜੀ ਨੇ ਕਿਹਾ –

**ਸੁਨੋ ਸ਼ਾਹਿ ਗੁਰ ਤੋਰ ਸਹਾਈ।**
**ਲੋਕ ਪ੍ਰਲੋਕ ਵਿਖੈ ਸੁਖ ਪਾਈ।**
**ਯੌਂ ਸੁਨਿ ਕੈ ਮਾਤਾ ਕੇ ਬੈਨਾ।**
**ਜਹਾਂਗੀਰ ਮਨਿ ਆਯੋ ਚੈਨਾ ॥੬੯੧ ॥**

ਜਹਾਂਗੀਰ ਨੇ ਇਹ ਵੀ ਇੱਛਾ ਪ੍ਰਗਟਾਈ ਕਿ ਉਹ ਅਕਾਲ ਤਖ਼ਤ ਬਣਵਾਉਣ ਦਾ ਸਾਰਾ ਖਰਚ ਦੇਣਾ ਚਾਹੁੰਦਾ ਹੈ ਪਰ ਮਹਾਰਾਜ ਨੇ ਕਿਹਾ – ਜੈਸਾ ਹੈ, ਸੁੰਦਰ ਹੈ, ਸਮਾਂ ਪਾ ਕੇ ਆਪੇ ਸਿੱਖ ਬਣਾਉਣਗੇ –

**ਕਹਾ ਗੁਰੂ ਅਬ ਨਾਹਿ ਸੁਹਾਵੈ।**
**ਸਮਾ ਪਾਇ ਇਹ ਅਧਿਕ ਬਨਾਵੈ ॥੭੦੦ ॥**

ਮਹਾਰਾਜ ਦੇ ਸ੍ਰੀ ਅੰਮ੍ਰਿਤਸਰ ਪੁੱਜਣ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਨੇ ਮਰਯਾਦਾ ਥਾਪ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ ਕੀਤੀ ਜਾਏ।

*****

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਜੀਵਨ ਵਿਕਾਸ - ਇਕ ਸੰਘਰਸ਼

**ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)**

ਸ੍ਰੀ ਹੇਮਕੁੰਟ ਸਾਹਿਬ ਦੀ ਖੋਜ ਕਰਕੇ ਸਭ ਤੋਂ ਪਹਿਲਾਂ ਪਟਿਆਲੇ ਦੇ ਵਸਨੀਕ ਗੁਰਮਤਿ ਦੇ ਵਿਦਵਾਨ ਪੰਡਤ ਤਾਰਾ ਸਿੰਘ ਨਰੋਤਮ ਨੇ ਬੜੀ ਮਿਹਨਤ ਅਤੇ ਲਗਨ ਸਦਕਾ ਗੁਰੂ ਜੀ ਦੇ ਤਪ ਅਸਥਾਨ ਹੇਮਕੁੰਟ ਸਾਹਿਬ ਦਾ ਟਿਕਾਣਾ ਸਹੀ ਕਰ ਲਿਆ ਜਿਥੇ ਕਦੀਮ ਤੋਂ ਪਈ ਇਕ ਤਪਸ਼ਿਲਾ ਦੇ ਦਰਸ਼ਨ ਵੀ ਕੀਤੇ। ਭਾਈ ਵੀਰ ਸਿੰਘ ਜੀ ਨੇ ਸਾਰੀ ਖੋਜ ਵਿਚਾਰੀ ਤੇ ਸ੍ਰੀ ਨਰੋਤਮ ਜੀ ਦਾ ਲੱਭਿਆ ਟਿਕਾਣਾ ਠੀਕ ਮੰਨਿਆ। ਉਸ ਤੋਂ ਬਾਅਦ ਸੰਤ ਸੋਹਣ ਸਿੰਘ ਟੀਹਰੀ ਗੜ੍ਹਵਾਲ ਵਾਲਿਆਂ ਨੇ ਭਾਈ ਵੀਰ ਸਿੰਘ ਦੀ ਪੁਸਤਕ ਪੜ੍ਹ ਕੇ 1934 ਵਿਚ ਇਸ ਅਸਥਾਨ ਦੇ ਦਰਸ਼ਨ ਕੀਤੇ। ਸੰਤ ਸੋਹਣ ਸਿੰਘ ਨੂੰ ਹਵਾਲਦਾਰ ਬਾਬਾ ਮੋਦਨ ਸਿੰਘ ਮਿਲ ਗਏ ਜੋ ਗੜ੍ਹਵਾਲ ਦੇ ਸਰਵੇ ਮਹਿਕਮੇ ਵਿਚ ਨੌਕਰੀ ਕਰਦੇ ਸਨ। ਭਾਈ ਵੀਰ ਸਿੰਘ ਜੀ ਵੱਲੋਂ ਮਾਇਕ ਸਹਾਇਤਾ ਨਾਲ ਇਨ੍ਹਾਂ ਦੋਵਾਂ ਨੇ ਕਰੜੀ ਘਾਲ ਨਾਲ ਇਕ 10×10 ਫੁੱਟ ਦਾ ਕਮਰਾ ਅਤੇ ਬਰਾਂਡਾ ਅਕਤੂਬਰ 1936 ਵਿਚ ਤਿਆਰ ਕੀਤਾ। ਅਗਲੇ ਸਾਲ 1937 ਵਿਚ ਸੰਤ ਸੋਹਣ ਸਿੰਘ ਆਪਣੇ ਨਾਲ ਭਾਈ ਵੀਰ ਸਿੰਘ ਵੱਲੋਂ ਭੇਟ ਕੀਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲੈ ਗਏ। ਆਪਣੇ ਇਲਾਕੇ ਦੇ ਲੋਕ ਜਮ੍ਹਾਂ ਕਰਕੇ ਪੂਰਨ-ਗੁਰ-ਮਰਆਦਾ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਥਾਪਿਤ ਕਰ ਦਿੱਤੀ ਤੇ ਲੰਗਰ ਕੀਤਾ। ਉਸ ਅਸਥਾਨ ਤੇ ਹੁਣ ਇਕ ਵੱਡਾ ਗੁਰਦੁਆਰਾ ਸਾਹਿਬ ਬਣ ਗਿਆ ਹੈ। ਸੰਤ ਸੋਹਣ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਤੋਂ ਬਾਅਦ ਇਹ ਸਾਰਾ ਕੰਮਕਾਜ ਹਵਾਲਦਾਰ ਬਾਬਾ ਮੋਦਨ ਸਿੰਘ ਨੇ ਸੰਭਾਲਿਆ ਅਤੇ ਜੀਵਨ ਦੇ 25 ਸਾਲਾਂ ਤੱਕ ਇਸ ਗੁਰਧਾਮ ਦੀ ਸੇਵਾ ਕਰਦੇ ਰਹੇ। ਏਥੇ ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਨੇ ਯਾਤਰੀਆਂ ਦੇ ਠਹਿਰਨ ਲਈ ਗੋਬਿੰਦ ਧਾਮ, ਗੋਬਿੰਦ ਘਾਟ, ਜੋਸ਼ੀਮਠ, ਸ੍ਰੀਨਗਰ ਅਤੇ ਰਿਸ਼ੀਕੇਸ਼ ਵਿਖੇ ਬੜੇ ਸੁੰਦਰ ਗੁਰਦੁਆਰੇ ਅਤੇ ਕਮਰੇ ਬਣਾਏ ਹਨ। ਅਸੀਂ ਇਹ ਯਾਤਰਾ 3 ਜੁਲਾਈ 1995 ਨੂੰ ਕਪੂਰਥਲਾ ਤੋਂ ਕਰਨਲ ਜੀ.ਬੀ. ਸਿੰਘ ਦੀ ਕਾਰ ਵਿਚ ਸ਼ੁਰੂ ਕੀਤੀ। ਕਰਨਲ ਸਾਹਿਬ ਦੀ ਧਰਮ ਪਤਨੀ, ਉਸ ਦੀ ਵੱਡੀ ਭੈਣ ਅਤੇ ਬੱਚੇ ਵੀ ਨਾਲ ਸਨ। ਅਸੀਂ ਸ਼ਾਮ ਤੱਕ ਰਿਸ਼ੀਕੇਸ਼ ਪਹੁੰਚ ਗਏ।

ਇਸ ਗੁਰਧਾਮ ਦੀ ਯਾਤਰਾ ਬਾਰੇ ਕਿਹਾ ਜਾਂਦਾ ਹੈ :-

**ਔਰ ਤੀਰਥ ਬਾਰ ਬਾਰ।**<br>**ਸ੍ਰੀ ਹੇਮਕੁੰਟ ਸਾਹਿਬ ਏਕ ਬਾਰ।**

ਯਾਤਰਾ ਤੇ ਜਾਣ ਤੋਂ ਪਹਿਲਾਂ ਹੈਜ਼ੇ ਦਾ ਟੀਕਾ ਲਗਵਾ ਕੇ ਮੈਡੀਕਲ ਅਫ਼ਸਰ ਤੋਂ ਸਰਟੀਫਿਕੇਟ ਨਾਲ ਲੈ ਲਿਆ ਸੀ। ਨਾਲ ਲੈ ਜਾਣ ਵਾਲੇ ਸਾਮਾਨ ਦਾ ਵਜ਼ਨ 20 ਕਿਲੋ ਤੋਂ ਜ਼ਿਆਦਾ ਨਾ ਹੋਵੇ। ਸਾਮਾਨ ਵਿਚ ਕੈਨਵਸ ਬੂਟ, ਸਵੈਟਰ, ਰੇਨਕੋਟ, ਗੁਲੂਕੋਜ਼ ਅਤੇ ਵਿਟਾਮਿਨ ਬੀ ਅਤੇ ਸੀ ਦੀਆਂ ਗੋਲੀਆਂ ਜ਼ਰੂਰ ਨਾਲ ਲੈ ਲਵੋ।

**ਰਿਸ਼ੀਕੇਸ਼ :** ਹੇਮਕੁੰਟ ਸਾਹਿਬ ਦੇ ਯਾਤਰੀ ਸਭ ਤੋਂ ਪਹਿਲਾਂ ਏਥੇ ਪਹੁੰਚਦੇ ਹਨ। ਗੰਗਾ ਦੇ ਕਿਨਾਰੇ 1300 ਫੁੱਟ ਦੀ ਉਚਾਈ ਤੇ ਰਿਸ਼ੀਆਂ ਮੁਨੀਆਂ ਦਾ ਇਹ ਇਤਿਹਾਸਕ ਸ਼ਹਿਰ ਹੈ। ਏਧਰ ਜਾਣ ਲਈ ਇਹ ਆਖਰੀ ਰੇਲਵੇ ਸਟੇਸ਼ਨ ਹੈ। ਯਾਤਰੀਆਂ ਦੀ ਰਿਹਾਇਸ਼ ਲਈ ਏਥੇ ਅਨੇਕਾਂ ਅਸਥਾਨ ਹਨ। ਸ੍ਰੀ ਹੇਮਕੁੰਟ ਸਾਹਿਬ ਟਰੱਸਟ ਵੱਲੋਂ 1967 ਤੋਂ ਲਛਮਣ ਝੂਲਾ ਰੋਡ ਤੇ ਇਕ ਬਹੁਤ ਵੱਡਾ ਗੁਰਦੁਆਰਾ ਬਣਾਇਆ ਗਿਆ ਹੈ। ਜਿਸ ਵਿਚ ਰਿਹਾਇਸ਼ ਲਈ ਕਾਫੀ ਆਰਾਮ ਦੇਹ ਅਤੇ ਖੁਲ੍ਹਾ ਪ੍ਰਬੰਧ ਹੈ। ਅਸੀਂ ਇਥੇ ਦੋ ਕਮਰੇ ਲੈ ਲਏ। 4 ਜੁਲਾਈ ਨੂੰ ਅਸੀਂ ਰਿਸ਼ੀਕੇਸ਼ ਤੋਂ ਅਗਲੇ ਪੜਾਅ ਗੋਬਿੰਦ ਘਾਟ ਲਈ ਸਵੇਰੇ ਸਵੇਰੇ ਕਾਰ ਤੇ ਚਲ ਪਏ। ਹਲਕੀ ਬੂੰਦਾਂ ਬਾਂਦੀ ਵੀ ਹੋ ਰਹੀ ਸੀ। ਅੱਠ ਦਸ ਕਿਲੋਮੀਟਰ ਤੇ ਜਾ ਕੇ ਕਾਰ ਖਰਾਬ ਹੋ ਗਈ। ਅਸੀਂ ਪਹਾੜ ਵਾਲੇ ਪਾਸੇ ਖੜ੍ਹੇ ਸਾਂ। ਬਾਰਿਸ਼ ਤੇਜ਼ ਹੋ ਗਈ ਸੀ। ਕੁਝ ਰਾਹਗੀਰਾਂ ਨੇ ਲੈਂਡ ਸਲਾਈਡਜ਼ ਤੋਂ ਵੀ ਡਰਾਇਆ। ਅੱਗੇ ਟਰੈਫਿਕ ਜਾਮ ਦੀਆਂ ਖ਼ਬਰਾਂ ਵੀ ਸੁਣਾਈ ਦੇਣ ਲੱਗ ਪਈਆਂ। ਗੱਡੀ ਸੀ ਤਾਂ ਸਟਾਰਟ ਹੋਣ ਦਾ ਨਾਂ ਨਹੀਂ ਸੀ ਲੈ ਰਹੀ। ਇਸ ਕਰਕੇ ਵਾਪਸ ਮੁੜਨ ਦਾ ਫੈਸਲਾ ਕਰ ਲਿਆ। ਕਰਨਲ ਸਾਹਿਬ ਦੀ ਪੁਰਾਣੀ ਕੀਤੀ ਸੇਵਾ ਕੰਮ ਆਈ। ਸੀ.ਆਰ.ਪੀ.ਐਫ. ਵਾਲੇ ਆਪਣੀ ਗੱਡੀ ਵਿਚ ਸਾਨੂੰ ਵਾਪਸ ਰਿਸ਼ੀਕੇਸ਼ ਛੱਡ ਗਏ ਅਤੇ ਸਾਡੀ ਕਾਰ ਵੀ ਇਕ ਵਰਕਸ਼ਾਪ ਤੇ ਪਹੁੰਚ ਗਈ। ਅਗਲੇ ਦਿਨ ਪੰਜ ਜੁਲਾਈ ਨੂੰ ਅਸੀਂ ਮਿੰਨੀ ਬੱਸ ਤੇ ਸਫ਼ਰ ਕੀਤਾ। ਰਿਸ਼ੀਕੇਸ਼ ਤੋਂ ਗੋਬਿੰਦ ਘਾਟ 272 ਕਿਲੋਮੀਟਰ ਦੇ ਫਾਸਲੇ ਤੇ ਹੈ। ਮਿੰਨੀ ਬੱਸ 30 ਕਿਲੋਮੀਟਰ ਦੀ ਸਪੀਡ ਤੱਕ ਜਾਂਦੀ ਹੈ। ਰਸਤੇ ਵਿਚ ਖੱਬੇ ਹੱਥ ਉਚੇ ਉਚੇ ਪਹਾੜ, ਝਾੜੀਆਂ, ਰੁੱਖ ਅਤੇ ਝਰਨੇ ਹਨ। ਸੱਜੇ ਹੱਥ ਵੱਲ ਡੂੰਘੀ ਖਾਈ ਅਤੇ ਗੰਗਾ ਦਾ ਲਿਸ਼ਕਾਂ ਮਾਰਦਾ ਜਲ ਹੈ। ਸੜਕ ਤੇ ਸੈਂਕੜੇ ਮੋੜ ਤੇ ਪੁਲੀਆਂ ਹਨ। ਬਹੁਤ ਸਾਰੇ ਅਨ੍ਹੇ ਮੋੜ ਬੜੇ ਖਤਰਨਾਕ ਹਨ। ਇਸ ਇਲਾਕੇ ਵਿਚ ਡਰਾਈਵਰ ਬੜਾ ਐਕਸਪਰਟ ਹੋਣਾ ਚਾਹੀਦਾ ਹੈ। ਲਗਭਗ 12 ਘੰਟੇ ਦੇ ਸਫ਼ਰ ਤੋਂ

ਬਾਅਦ ਸ਼ਾਮ ਨੂੰ ਚਾਰ ਵਜੇ ਤੱਕ ਗੋਬਿੰਦ ਘਾਟ ਪਹੁੰਚ ਗਏ।

ਰਾਹ ਵਿਚ ਸ੍ਰੀਨਗਰ (ਗੜ੍ਹਵਾਲ) ਦਾ ਸੁੰਦਰ ਅਤੇ ਸਰਸਬਜ਼ ਸ਼ਹਿਰ ਆਇਆ ਜਿਥੇ ਬੜੀ ਖੁਲ੍ਹੀ ਤੇ ਰਮਨੀਕ ਵਾਦੀ ਹੈ। ਸਮੇਰ ਪਰਬਤ ਤੇ ਜਾਂਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਏਥੇ ਚਰਨ ਪਾਏ ਸਨ। ਹੇਮਕੁੰਟ ਟਰੱਸਟ ਨੇ ਏਥੇ ਆਲੀਸ਼ਾਨ ਗੁਰਦੁਆਰਾ ਅਤੇ ਕਈ ਰਿਹਾਇਸ਼ੀ ਕਮਰੇ ਬਣਾ ਦਿੱਤੇ ਹਨ। ਹਿੰਦੂਆਂ ਦਾ ਪ੍ਰਸਿੱਧ ਧਾਰਮਿਕ ਸਥਾਨ ਜੋਸ਼ੀ ਮਠ ਵੀ ਰਸਤੇ ਵਿਚ ਆਉਂਦਾ ਹੈ। ਜਿਸ ਤੋਂ ਅੱਗੇ ਜਾ ਕੇ ਤਪੋਬਨ ਲਾਗੇ ਜੰਗਲ ਤੇ ਪਹਾੜ ਹੈ ਜਿਸ ਦਾ ਕੁਝ ਹਿੱਸਾ ਲਛਮਣ ਜੀ ਦੀ ਮੂਰਛਤਾ ਹਟਾਉਣ ਲਈ ਹਨੂੰਮਾਨ ਸੰਜੀਵਨੀ ਬੂਟੀ ਸਣੇ ਚੁੱਕ ਕੇ ਲੈ ਗਿਆ ਸੀ।

**ਗੋਬਿੰਦ ਘਾਟ** : ਗੋਬਿੰਦ ਘਾਟ ਤੋਂ ਭਾਵ ਹੈ ਗੋਬਿੰਦ ਜੀ ਦੇ ਚਰਨਾਂ ਵਿਖੇ ਪਹੁੰਚਾਉਣ ਵਾਲਾ ਘਾਟ ਜਾਂ ਪੜਾਅ। ਸ੍ਰੀ ਹੇਮਕੁੰਟ ਸਾਹਿਬ ਜਾਣ ਲਈ ਇਹ ਬੇਸ ਯਾਨੀ ਮੁੱਢਲਾ ਮੁਕਾਮ ਹੈ। ਸਤਹ ਸਮੁੰਦਰ ਤੋਂ 6000 ਫੁਟ ਦੀ ਉਚਾਈ ਤੇ ਆਬਾਦ ਹੈ ਅਤੇ ਹੇਮਕੁੰਟ ਤੋਂ ਆਉਣ ਵਾਲੀ ਹੇਮ ਗੰਗਾ ਅਤੇ ਅਲਕ ਨੰਦਾ ਨਦੀਆਂ ਦਾ ਸੁੰਦਰ ਸੰਗਮ ਹੈ। ਇਹ ਸੁੰਦਰ ਗੁਰਦੁਆਰਾ ਸਾਹਿਬ ਸਾਲ 1944–45 ਵਿਚ ਹੌਲਦਾਰ ਬਾਬਾ ਮੋਦਨ ਸਿੰਘ ਨੇ ਬਣਵਾਇਆ ਸੀ। ਏਥੇ ਯਾਤਰੀਆਂ ਦੀ ਰਿਹਾਇਸ਼ ਆਦਿ ਲਈ ਕਾਫੀ ਕਮਰੇ ਅਤੇ ਹਾਲ ਹਨ ਜਿਨ੍ਹਾਂ ਵਿਚ 3000 ਯਾਤਰੀ ਰਲ ਮਿਲ ਕੇ ਰੈਣ ਬਸੇਰਾ ਕਰ ਸਕਦੇ ਹਨ। ਟਰੱਸਟ ਵੱਲੋਂ ਰਿਹਾਇਸ਼, ਲੰਗਰ, ਕੰਬਲਾਂ, ਦਵਾ ਦਾਰੂ ਦਾ ਪ੍ਰਬੰਧ ਹੈ। ਸਰਕਾਰ ਨੇ ਹੇਮ ਗੰਗਾ ਬਿਜਲੀ ਘਰ ਬਣਾ ਦਿੱਤਾ ਹੈ ਜਿਥੋਂ ਗੋਬਿੰਦ ਘਾਟ ਤੇ ਬਦਰੀ ਨਾਥ ਨੂੰ ਬਿਜਲੀ ਦਿੱਤੀ ਜਾਂਦੀ ਹੈ। ਬਾਬਾ ਮੋਦਨ ਸਿੰਘ ਨੇ ਅਲਕ ਨੰਦਾ ਨਦੀ ਦੇ ਉਪਰ ਲੱਕੜੀ ਦਾ ਝੂਲਨਾ ਪੁਲ ਤਿਆਰ ਕਰਵਾਇਆ ਸੀ। ਏਥੇ ਬਸ ਜਾਂ ਕਾਰ ਦੀ ਸਵਾਰੀ ਖਤਮ ਹੋ ਜਾਂਦੀ ਹੈ ਅਤੇ ਪੈਦਲ ਸਫ਼ਰ ਸ਼ੁਰੂ ਹੋ ਜਾਂਦਾ ਹੈ। ਪੈਦਲ ਸਫ਼ਰ ਨਾ ਕਰ ਸਕਣ ਵਾਲਿਆਂ ਲਈ ਕਾਂਡੀ, ਡਾਂਡੀ ਅਤੇ ਘੋੜਿਆਂ ਦਾ ਤਸੱਲੀਬਖ਼ਸ਼ ਪ੍ਰਬੰਧ ਹੈ।

**ਗੋਬਿੰਦ ਧਾਮ** : ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤੱਕ 12 ਕਿਲੋਮੀਟਰ ਦੀ ਕਠਿਨ ਚੜ੍ਹਾਈਆਂ ਅਤੇ ਜੰਗਲ ਦਾ ਰਸਤਾ ਹੈ। ਇਹ ਵਾਟ ਪੰਜ ਤੋਂ ਅੱਠ ਘੰਟਿਆਂ ਵਿਚ ਪੈਦਲ ਤਹਿ ਹੁੰਦੀ ਹੈ। ਚਲਦੇ ਚਲਦੇ ਸਾਰੇ ਬਹੁਤ ਥੱਕ ਗਏ। ਸਤਹਿ ਸਮੁੰਦਰ ਤੋਂ 10500 ਫੁੱਟ ਦੀ ਬੁਲੰਦੀ ਤੇ ਇਹ ਇਕਾਂਤ ਅਤੇ ਸ਼ਾਂਤ ਅਸਥਾਨ ਹੈ। ਪਹਿਲਾਂ ਇਕ ਧਰਮਸਾਲਾ ਦੀ ਥਾਂ 1961 ਵਿਚ ਹੇਮਕੁੰਟ ਟਰੱਸਟ ਵੱਲੋਂ ਇਕ ਸੁੰਦਰ ਗੁਰਦੁਆਰਾ, ਲੰਗਰ ਅਤੇ ਕਈ ਕਮਰੇ ਸੰਗਤਾਂ ਦੇ ਬਿਸਰਾਮ ਲਈ ਬਣਵਾਏ ਗਏ ਹਨ। ਏਥੇ ਸਾਰੇ ਕਮਰੇ, ਫਰਸ਼, ਛੱਤਾਂ ਅਤੇ ਦੀਵਾਰਾਂ ਟੀਨ ਦੀ ਚਾਦਰ ਦੇ ਹਨ। ਲੰਗਰ ਅਤੇ ਕੰਬਲਾਂ ਦਾ ਕਾਫੀ ਅੱਛਾ ਪ੍ਰਬੰਧ ਹੈ। ਜੰਗਲਾਤ ਵਾਲਿਆਂ ਦਾ ਸਰਕਾਰੀ ਰੈਸਟ ਹਾਊਸ ਵੀ ਹੈ। ਅਸੀਂ ਤਾਂ ਰੈਸਟ ਹਾਊਸ ਵਿਚ ਹੀ ਠਹਿਰੇ ਸਾਂ। ਯਾਤਰੀ ਸਵੇਰੇ ਪੰਜ ਵਜੇ ਹੇਮਕੁੰਟ ਲਈ ਚਲ ਪੈਂਦੇ ਹਨ। ਅਕਸਰ ਵਰਖਾ ਹੁੰਦੀ ਰਹਿੰਦੀ ਹੈ। ਮੌਸਮ ਖਰਾਬ ਹੋਣ ਤੇ ਯਾਤਰੀਆਂ ਨੂੰ ਲਾਊਡ ਸਪੀਕਰ ਤੇ ਸੂਚਿਤ ਕਰ ਦਿੱਤਾ ਜਾਂਦਾ ਹੈ।

**ਫੂਲਾਂ ਦੀ ਘਾਟੀ** : ਗੋਬਿੰਦ ਧਾਮ ਤੋਂ ਚਾਰ ਕਿਲੋਮੀਟਰ ਤੇ ਸੰਸਾਰ ਦੀ ਪ੍ਰਸਿੱਧ ਫੁੱਲਾਂ ਦੀ ਘਾਟੀ ਹੈ ਜੋ ਅੱਧਾ ਮੀਲ ਚੌੜੀ ਹੇਮਕੁੰਟ ਪਰਬਤ ਦੇ ਆਲੇ–ਦੁਆਲੇ ਪ੍ਰਕਰਮਾ ਕਰ ਰਹੀ ਹੈ। ਇਹ 12000 ਫੁੱਟ ਉਚਾਈ ਤੇ ਹੈ। ਅਗਸਤ ਸਤੰਬਰ ਦੇ ਮਹੀਨੇ ਵਿਚ ਇਸ ਦੇ ਅਨੇਕਾਂ ਪ੍ਰਕਾਰ ਦੇ ਰੰਗ ਬਰੰਗੇ ਫੁੱਲ ਆਪਣੀ ਸੁੰਦਰਤਾ ਅਤੇ ਸੁਗੰਧੀ ਬਖੇਰਦੇ ਹਨ। ਇਸ ਫੁਲਵਾੜੀ ਨੂੰ ਭਾਰਤ ਸਰਕਾਰ ਵੱਲੋਂ ਨੈਸ਼ਨਲ ਪਾਰਕ ਦਾ ਦਰਜਾ ਦਿੱਤਾ ਗਿਆ ਹੈ।

**(ਚਲਦਾ)**

● ● ●

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਪਰਦੇਸੀ** : ਰੋਜੀ ਨਹੀਂ ਆਈ?

**ਸਨਮ** : ਉਹਨੂੰ ਕੱਢ ਦਿੱਤੈ ਮੰਚ ਵਿੱਚੋਂ, ਕੱਲ੍ਹ ਈ ਪੁਲਿਸ ਨੇ ਫੜ ਲਿਐ ਉਹਨੂੰ ਦੋ ਤਿੰਨ ਸਾਥੀਆਂ ਨਾਲ...

**ਬਿੱਟੂ** : ਦੱਸੋ ਸਰ, ਕਿਹੜਾ ਨਾਟਕ ਖੇਡਣੈਂ?

**ਸਨਮ** : ਅਸੀਂ ਤਿੰਨ ਚਾਰ ਜਣੇ ਕਿਹੜਾ ਨਾਟਕ ਖੇਡ ਸਕਦੇ ਹਾਂ? ਪ੍ਰਬੰਧਕਾਂ ਨੂੰ ਕਹਿ ਦਿਆਂਗੇ ਗੁਰਦੁਆਰੇ ਤੋਂ ਜਿਹੜੀ ਅਨਾਊਂਸਮੈਂਟ ਪਹਿਲਾਂ ਕੀਤੀ ਗਈ ਸੀ ਪ੍ਰੋਗਰਾਮ ਕੈਂਸਲ ਹੋਣ ਦੀ, ਉਹਦੇ ਕਰਕੇ ਸਾਡੇ ਕੁੱਝ ਸਲਾਹਕਾਰ ਚਲੇ ਗਏ।

**ਪਰਦੇਸੀ** : ਫੇਰ ਪੁੱਟੀਏ ਸਾਰਾ ਜੁਗਾੜ ਸਾਊਂਡ ਦਾ।

**ਸਨਮ** : ਨਹੀਂ, ਅੱਜ ਮੈਂ ਇਕੱਲਾ ਈ ਨਾਟਕ ਖੇਡਾਂਗਾ-ਇੱਕ ਪਾਤਰੀ ਨਾਟਕ। ਸ਼ਿੰਦਾ ਆਪਣੇ ਕਮੇਡੀ ਗੀਤ ਪੇਸ਼ ਕਰੇਗਾ ਤੇ ਮੈਂ ਇੱਕ ਕਾਵਿਕ ਨਾਟਕ ਹਾਸਰਸ ਦੀਆਂ ਕਵਿਤਾਵਾਂ ਵਰਗਾ ਪੇਸ਼ ਕਰਾਂਗਾ, ਬਾਈ ਸੜ੍ਹਿਆਂ ਦਾ ਨਾਟਕ ਏ।

**ਦੀਪਕ** : ਸਾਡੀ ਲੋੜ?

**ਸਨਮ** : ਅੱਜ ਨਹੀਂ।

**ਦੀਪਕ** : ਸਾਡਾ ਪੰਜ ਸੌ?

**ਸਨਮ** : ਜਦ ਨਾਟਕ ਕਰੋਗੇ ਤਾਂ ਪੰਜ-ਪੰਜ ਸੌ ਵੀ ਮਿਲਜੇਗਾ।

**ਬਿੱਟੂ** : (ਚਿਤਾਵਨੀ ਦਿੰਦਾ ਹੋਇਆ) ਆਹ ਫੜੋ ਸਾਡਾ ਅਸਤੀਫਾ, ਦੀਪਕ ਲਿਖ ਦੇ ਤੂੰ ਵੀ।
(ਦੀਪਕ ਨੂੰ ਕਾਗਜ਼ ਫੜਾਉਂਦਾ ਹੈ, ਬਿੱਟੂ ਅਤੇ ਦੀਪਕ ਕਾਗਜ਼ 'ਤੇ ਇਕ-ਇਕ ਲਾਈਨ ਲਿਖ ਕੇ ਸਨਮ ਨੂੰ ਦਿੰਦੇ ਹਨ ਅਤੇ ਚਲੇ ਜਾਂਦੇ ਹਨ)।

**ਪਰਦੇਸੀ** : ਸਾਲੇ ਕਿੱਡੇ ਮੰਤਰੀ ਬਣੇ ਸੀ। ਅਸਤੀਫ਼ਾ ਦੇ ਗਏ ਨੇ। ਸਰ ਜੀ, ਮੈਨੂੰ ਸਲਾਨਾ ਪ੍ਰੋਗਰਾਮ 'ਚ ਰੱਖਿਓ, ਇਹਨਾਂ ਜੂਠਾਂ ਤੋਂ ਤਾਂ ਚੰਗਾ ਰੋਲ ਈ ਕਰਾਂਗਾ।

**ਸਨਮ** : ਹਾਂ ਹਾਂ ਠੀਕ ਏ, ਮੈਂ ਸ਼ਿੰਦੇ ਨਾਲ ਮਿਲ ਕੇ ਤਿਆਰੀ ਕਰ ਲਵਾਂ।

**(ਚਲਦਾ)**

● ● ●

**ਮਾਂ ਦੀ ਹਰ ਲੋੜ ਨੂੰ ਠੁਕਰਾਅ ਕੇ ਅਤੇ ਪਿਤਾ ਨੂੰ ਨਜ਼ਰਅੰਦਾਜ਼ ਕਰਕੇ, ਜੋ ਮਨੁੱਖ ਦਾਨ ਪੁੰਨ ਕਰਦਾ ਹੈ, ਉਹ ਦਾਨੀ ਨਹੀਂ ਬੇਈਮਾਨ ਹੈ।**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਭਾਈ ਗੁਰਚਰਨ ਸਿੰਘ ਜਿਨ੍ਹਾਂ ਦਾ ਪਹਿਲਾ ਨਾਮ ਭਾਈ ਨਿਹਾਲ ਸਿੰਘ ਸੀ

ਭਾਈ ਗੁਰਚਰਨ ਸਿੰਘ ਜੀ, ਸਪੁਤਰ ਸ. ਹੁਕਮ ਸਿੰਘ ਜੀ ਪਿੰਡ ਜੰਡਾਂ ਵਾਲੇ ਦੇ ਸਨ। ਇਹ ਪਿੰਡ ਲਾਲੇ ਮੂਸੇ ਵੱਲੋਂ ਜਾਈਏ ਤਾਂ ਰੇਲਵੇ ਲਾਈਨ ਦੇ ਨਾਲ ਹੀ ਸੱਜੇ ਪਾਸੇ ਹੈ ਤੇ ਮੁਰਾਲਾ ਲਾਈਨ ਦੇ ਖੱਬੇ ਪਾਸੇ ਹੈ। ਭਾਈ ਗੁਰਚਰਨ ਸਿੰਘ ਅੱਠ ਕੁ ਜਮਾਤਾਂ ਪੜ੍ਹੇ ਹੋਏ ਸਨ। ਬਚਪਨ ਤੋਂ ਹੀ ਨਾਮ ਬਾਣੀ ਦੇ ਅਭਿਆਸੀ ਸਨ। ਬਾਣੀ ਆਪ ਜੀ ਨੂੰ ਬਹੁਤ ਯਾਦ ਸੀ। ਬੁਧੀ ਭੀਖਣ ਸੀ। ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਨਾਲ ਪਿਆਰ ਸੀ ਤੇ ਰੋਜ਼ ਉਨ੍ਹਾਂ ਦੇ ਨਾਲ ਬੋਲ ਕੇ ਕੀਰਤਨ ਕਰਦੇ ਸਨ। ਬਿਨਾਂ ਕਿਸੇ ਪਾਸੋਂ ਸਿੱਖੇ ਆਪ ਜੀ ਮਹਾਂਪੁਰਖਾਂ ਦੇ ਨਾਲ ਵਾਜੇ ਨਾਲ ਕੀਰਤਨ ਕਰਨ ਲੱਗ ਪਏ ਸਨ। ਸਿੱਖੀ ਦੇ ਪ੍ਰਚਾਰ ਦੀ ਆਪ ਜੀ ਨੂੰ ਭਾਰੀ ਲਗਨ ਸੀ। ਮੇਰੇ ਆਉਣ ਤੋਂ ਪਹਿਲਾਂ ਮਹਾਂਪੁਰਖਾਂ ਦੇ ਨਾਲ ਆਪ ਹੀ ਰਹਿੰਦੇ ਸਨ। ਘਰ ਦਾ ਕੰਮ ਕਾਜ ਹੋਰ ਕੋਈ ਨਹੀਂ ਸਨ ਕਰਦੇ। ਜ਼ਮੀਨ ਸੀ, ਉਸ ਦੀ ਆਮਦਨ ਨਾਲ ਗੁਜ਼ਾਰਾ ਕਰਦੇ ਸਨ। ਮਹਾਂਪੁਰਖ ਭੀ ਇਨ੍ਹਾਂ ਦਾ ਖਾਸ ਖਿਆਲ ਰੱਖਦੇ ਸਨ। ਲੁਬਾਣਾ ਬਰਾਦਰੀ ਵਿਚ ਸਿੱਖੀ ਦਾ ਪ੍ਰਚਾਰ ਅਤੇ ਅੰਮ੍ਰਿਤ ਪ੍ਰਚਾਰ ਸੰਤ ਮਹਾਰਾਜ ਦੇ ਨਾਲ ਹੀ ਕਰਦੇ ਸਨ। ਟਾਂਡੇ ਸਕੂਲ ਵਿਚ ਭੀ ਆਪ ਜੀ ਨੇ ਬਹੁਤ ਸੇਵਾ ਕੀਤੀ। ਸਾਰਾ-ਸਾਰਾ ਦਿਨ ਬਾਹਰ ਕਿੱਕਰ, ਬੇਰੀਆਂ, ਜਿਨ੍ਹਾਂ ਦੇ ਬਾਲਣ ਦੀ ਭੱਠੇ ਵਿਚ ਲੋੜ ਸੀ, ਆਪ ਭੀ ਸਿੰਘਾਂ ਦੇ ਨਾਲ ਦਰੱਖਤ ਵੱਢਣ ਦੀ ਸੇਵਾ ਕਰਦੇ ਸਨ। ਆਪ 1922 ਵਿਚ ਗੁਰੂ ਦੇ ਬਾਗ ਦੇ ਮੋਰਚੇ ਵਿਚ ਗ੍ਰਿਫ਼ਤਾਰ ਹੋਏ। ਕੈਦ ਕੱਟ ਕੇ ਕੁੱਝ ਸਮਾਂ ਪਿਛੋਂ ਆਪ ਜ਼ਮੀਨ, ਮਕਾਨ ਸਭ ਕੁੱਝ ਵੇਚ ਕੇ ਪਾਕਿਸਤਾਨ ਬਣਨ ਤੋਂ ਪਹਿਲਾਂ ਹੀ ਅੰਮ੍ਰਿਤਸਰ ਆ ਗਏ ਸਨ ਤੇ ਇਥੇ ਆਪਣਾ ਕਾਰੋਬਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਆਪ 5 ਮਈ, 1969 ਨੂੰ ਅੰਮ੍ਰਿਤਸਰ ਹੀ ਅਕਾਲ ਚਲਾਣਾ ਕਰ ਗਏ।

## ਸੰਤ ਪ੍ਰੇਮ ਸਿੰਘ ਜੀ

ਹੈੱਡ ਮਾਸਟਰ ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਲੁਬਾਣਾ ਹਾਈ ਸਕੂਲ ਜ਼ਿਲ੍ਹਾ ਗੁਜਰਾਤ (ਪਾਕਿਸਤਾਨ) (ਰਿਟਾਇਰ) ਅਤੇ ਪ੍ਰਿੰਸੀਪਲ ਇੰਟਰ ਕਾਲਜ ਕਾਹਨਪੁਰ (ਰਿਟਾਇਰ)।

ਆਪ ਜੀ ਲਿਖਦੇ ਹਨ ਕਿ ਦਾਸ ਨੇ 15 ਫਰਵਰੀ, 1922 ਨੂੰ ਹਾਈ ਸਕੂਲ ਟਾਂਡਾ ਵਿਚ ਸਰਵਿਸ ਆਰੰਭ ਕੀਤੀ। ਇਸੇ ਸਾਲ ਅਕਤੂਬਰ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਟਾਂਡੇ ਆਏ। ਆਪ ਅਕਾਲੀ ਗੁਰਦੁਆਰੇ ਠਹਿਰੇ। ਦਾਸ ਨੂੰ ਪਹਿਲੀ ਵਾਰ ਉੱਥੇ ਦਰਸ਼ਨ ਪ੍ਰਾਪਤ ਹੋਏ। ਮੇਰੇ ਤੇ ਉਨ੍ਹਾਂ ਦੇ ਦਰਸ਼ਨ ਦਾ ਬੜਾ ਪ੍ਰਭਾਵ ਪਿਆ। ਆਪ ਜੀ ਦੇ ਛਕਣ ਲਈ ਦੁੱਧ ਆਇਆ। ਆਪ ਨੇ ਥੋੜ੍ਹਾ ਜਿਹਾ ਦੁੱਧ ਪੀਤਾ, ਬਾਕੀ ਦਾ ਦੁੱਧ ਪੀਣ ਲਈ ਦਾਸ ਨੂੰ ਬਖਸ਼ਿਸ਼ ਕੀਤਾ। ਇਹ ਪਹਿਲੀ ਵੇਰ ਇੱਕ ਬੜੀ ਵੱਡੀ ਪਿਆਰ ਦੀ ਨਿਸ਼ਾਨੀ ਸੀ। ਕੁੱਝ ਸਮੇਂ ਪਿੱਛੋਂ ਦਾਸ ਤੇ ਕਿਰਪਾ ਕੀਤੀ ਤੇ ਅਪ੍ਰੈਲ 1923 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਜੇ.ਈ.ਵੀ. ਟੀਚਰ ਦੀ ਟਰੇਨਿੰਗ ਲਈ ਦਾਖ਼ਲ ਕਰਾ ਦਿੱਤਾ। ਤੇ ਦੋ ਸਾਲ ਦੀ ਟਰੇਨਿੰਗ ਪਿਛੋਂ ਦਾਸ ਤੇ ਆਪ ਜੀ ਨੇ ਕਿਰਪਾ ਕਰਕੇ ਅਪ੍ਰੈਲ 1925 ਵਿਚ ਮੈਨੂੰ ਟਾਂਡੇ ਹਾਈ ਸਕੂਲ ਵਿਚ ਹੀ ਸਰਵਿਸ ਦੀ ਬਖਸ਼ਿਸ਼ ਕਰ ਦਿੱਤੀ ਅਤੇ 9 ਜੂਨ, 1939 ਨੂੰ ਮੇਰੇ ਤੇ ਮਹਾਨ ਕਿਰਪਾ ਕੀਤੀ ਤੇ ਦਾਸ ਨੂੰ ਟਾਂਡਾ ਹਾਈ ਸਕੂਲ ਦੀ ਹੈੱਡ ਮਾਸਟਰ ਦੀ ਉੱਚ ਪਦਵੀ ਦੀ ਸੇਵਾ ਤੇ ਨਿਯਤ ਕਰ ਦਿੱਤਾ। 1947 ਤੱਕ, ਭਾਵ ਪਾਕਿਸਤਾਨ ਬਣਨ ਤੱਕ ਸਤਿਗੁਰੂ ਜੀ ਦੀ ਕਿਰਪਾ ਨਾਲ ਅਤੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਮੇਹਰ ਦੀ ਨਜ਼ਰ ਨਾਲ ਇਹ ਸੇਵਾ ਨਿਭਾਉਣ ਦਾ ਸੁਭਾਗ ਬਣਿਆ ਰਿਹਾ। ਇਸ ਤਰ੍ਹਾਂ ਆਪ ਜੀ ਦੀ ਛਤਰ-ਛਾਇਆ ਹੇਠ ਤਕਰੀਬਨ 23 ਸਾਲ ਟਾਂਡਾ ਹਾਈ ਸਕੂਲ ਵਿਚ ਬੜਾ ਚੰਗਾ ਸਮਾਂ ਬਤੀਤ ਹੋਇਆ। ਸਾਲ ਦੇ ਪਿਛੋਂ ਇਕ ਪ੍ਰਸ਼ੰਸ਼ਾ ਪੱਤਰ ਅਤੇ ਸਿਰੋਪਾਓ ਦਾਸ ਨੂੰ ਪ੍ਰਾਪਤ ਹੁੰਦੇ ਰਹੇ। ਇਹ ਪ੍ਰਸ਼ੰਸ਼ਾ ਪੱਤਰ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਦਸਤਖ਼ਤਾਂ ਹੇਠ ਮਿਲਦੇ ਰਹੇ ਹਨ। ਤੇ ਮੇਰੇ ਪਾਸ ਹਨ, ਜੋ ਮੇਰੇ ਜੀਵਨ ਦੇ ਅਧਾਰ ਹਨ। ਆਪ ਜੀ ਨੇ ਇਸ ਗਰੀਬ ਸੇਵਕ ਨੂੰ ਬਹੁਤ ਨਿਵਾਜਿਆ। ਪੁੱਤਰਾਂ ਨਾਲੋਂ ਵੱਧ ਪਿਆਰ ਕੀਤਾ। ਇਕ ਤਰ੍ਹਾਂ ਮੇਰਾ ਜੀਵਨ ਬਨਾਉਣ ਵਾਲੇ ਹੀ ਸੰਤ ਬਾਬਾ ਪ੍ਰੇਮ ਸਿੰਘ ਜੀ ਸਨ।

ਚਲਦਾ

**ਇੱਕ ਹੀ ਜ਼ਿੰਦਗੀ ਹੈ, ਪਰ ਜੇ ਤੁਸੀਂ ਇਸ ਨੂੰ ਚੰਗੀ ਤਰ੍ਹਾਂ ਜੀਓ ਤਾਂ ਇਕ ਹੀ ਕਾਫ਼ੀ ਹੈ।**

# ਸਚੁ ਸੁਣਾਇਸੀ ਸੱਚ ਕੀ ਬੇਲਾ

ਸੁਰਿੰਦਰ ਸਿੰਘ ਰੂਬੀ
ਸੰਪਾਦਕ

## (1) ਪੰਜ ਸਾਲ ਬਾਅਦ ਸ਼ੁਰੂ ਹੋਣ ਜਾ ਰਹੀਆਂ ਭਾਰਤ-ਚੀਨ ਹਵਾਈ ਉਡਾਣਾਂ

### ਦੋਹਾਂ ਦੇਸ਼ਾਂ ਦੀ ਆਰਥਿਕਤਾ ਨੂੰ ਹੋਵੇਗਾ ਲਾਭ

ਕੋਵਿਡ ਕਾਲ ਦੇ ਸਮੇਂ ਤੋਂ ਭਾਰਤ-ਚੀਨ ਵਿਚ ਬੰਦ ਹੋਈਆਂ ਹਵਾਈ ਉਡਾਣਾਂ ਮੁੜ ਤੋਂ ਸ਼ੁਰੂ ਹੋਣ ਜਾ ਰਹੀਆਂ ਹਨ। ਕੋਵਿਡ ਸਮੇਂ ਬੰਦ



ਹੋਣ ਤੋਂ ਬਾਅਦ ਗਲਵਾਨ ਘਾਟੀ ਵਿਚ 2020 ਵਿਚ ਹਿੰਦ-ਚੀਨ ਫੌਜਾਂ ਦੇ ਹੋਏ ਸਿੱਧੇ ਸਰੀਰਕ ਟਕਰਾਅ ਤੋਂ ਬਾਅਦ ਇਹ ਉਡਾਨਾਂ ਦੋਹਾਂ ਦੇਸ਼ਾਂ ਵੱਲੋਂ ਲਗਾਤਾਰ ਬੰਦ ਸਨ। ਦੋਹਾਂ ਦੇਸ਼ਾਂ ਦੇ ਅਧਿਕਾਰੀਆਂ ਨੇ ਆਪਸੀ ਮੀਟਿੰਗਾਂ ਵਿਚ ਇਹ ਉਡਾਨਾਂ ਮੁੜ ਤੋਂ ਸ਼ੁਰੂ ਕਰਨ ਦਾ ਫੈਸਲਾ ਲਿਆ ਹੈ। ਇਸ ਸੰਦਰਭ ਵਿਚ ਕਲਕੱਤੇ ਤੋਂ ਜੁਆਂਗਜਾਓ ਵਿਚ ਇਹ ਪਹਿਲੀ ਉਡਾਣ 26 ਅਕਤੂਬਰ ਨੂੰ ਚਾਲੂ ਹੋ ਜਾਵੇਗੀ। ਇਹਨਾਂ ਉਡਾਨਾਂ ਦੇ ਮੁੜ ਚਾਲੂ ਹੋਣ ਦਾ ਦੋਨਾਂ ਦੇਸ਼ਾਂ ਦੇ ਛੋਟੇ-ਵੱਡੇ ਵਪਾਰੀ ਤਬਕੇ ਨੇ ਸਵਾਗਤ ਕੀਤਾ ਹੈ। ਭਾਰਤੀ ਛੋਟਾ ਉਦਯੋਗ ਚੀਨ ਦੇ ਬਣੇ ਸਮਾਨ ਅਤੇ ਸਮਾਨ ਬਨਾਉਣ ਲਈ ਕੱਚੇ ਮਾਲ ਦੀ ਵਰਤੋਂ ਲਈ ਚੀਨ ਤੇ ਕਾਫੀ ਨਿਰਭਰ ਰਿਹਾ ਹੈ। ਇਹ ਸਮਝੌਤਾ ਦੋਹਾਂ ਦੇਸ਼ਾਂ ਦੀ ਕੋਈ ਹੋਰ ਪੱਧਰ ਦੀ ਜ਼ਰੂਰਤ ਪੂਰੀ ਕਰਦਾ ਹੈ ਜਾਂ ਨਹੀਂ, ਦੋਨਾਂ ਦੇਸ਼ਾਂ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਾਲਾ ਜ਼ਰੂਰ ਹੋ ਸਕਦਾ ਹੈ। ਇਲੈਕਟ੍ਰੋਨਿਕ, ਦਵਾਈਆਂ, ਆਟੋ ਪਾਰਟ ਤੇ ਕੈਮੀਕਲਜ ਦੀ ਸਪਲਾਈ ਵਿਚ ਆਈ ਖੜੋਤ ਨਾਲ ਇਸ ਸੈਕਟਰ ਵਿਚ ਭਾਰਤ ਵਿਚ ਤਿਆਰ ਮਾਲ ਦੀ ਬਣਤਰ ਅਤੇ ਕੀਮਤਾਂ ਦੇ ਵਾਧੇ ਦਾ ਡਰ ਜਿਹਾ ਬਣਿਆ ਹੋਇਆ ਸੀ। ਮਾਰਕੀਟ ਸਪਲਾਈ ਅਤੇ ਮੰਡੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦੋਨਾਂ ਦੇਸ਼ਾਂ ਲਈ ਇਹ ਉਡਾਨਾਂ ਸ਼ੁਰੂ ਕਰਨੀਆਂ ਇਕ ਸਹੀ ਕਦਮ ਹੈ। ਅਸਲ ਵਿਚ ਚੀਨ ਨਾਲ ਕੱਚੇ ਮਾਲ ਦਾ ਵਿਉਪਾਰ ਬੰਦ ਹੋਣ ਨਾਲ ਭਾਰਤ ਨੂੰ ਜ਼ਿਆਦਾ ਨੁਕਸਾਨ ਉਠਾਉਣਾ ਪੈ ਰਿਹਾ ਸੀ। ਭਾਰਤ ਨੂੰ ਆਪਣੀਆਂ ਸਰਹੱਦਾਂ ਦੀ ਸਹੀ ਰਾਖੀ ਅਤੇ ਸਰਹੱਦੀ ਮਸਲੇ ਜੋ ਲੰਮੇ ਸਮੇਂ ਤੋਂ ਚੀਨ ਨਾਲ ਚੱਲ ਰਹੇ ਹਨ, ਉਥੇ ਆਪਣੀ ਦਾਅਵੇਦਾਰੀ ਤੇ ਪ੍ਰਭਸਤਾ ਨਾਲ ਕੋਈ ਸਮਝੌਤਾ ਕਰੇ ਬਗ਼ੈਰ ਸਿਰਫ਼ ਵਿਉਪਾਰਕ ਤਰਜੀਹਾਂ ਦੇ ਮੱਦੇਨਜ਼ਰ ਹੀ ਇਹ ਉਡਾਨਾਂ ਜਾਂ ਚੰਗੇ ਆਰਥਿਕ ਸਬੰਧ ਆਪਸੀ ਜ਼ਰੂਰਤਾਂ ਅਤੇ ਨਿਰਭਰਤਾ ਤੱਕ ਹੀ ਸੀਮਿਤ ਰੱਖ ਕੇ ਚਲਣਾ ਪਵੇਗਾ। ਵੈਸੇ ਇਹ ਉਡਾਨਾਂ ਸ਼ੁਰੂ ਹੋਣਾ ਇਕ ਸਾਰਥਿਕ ਤੇ ਚੰਗਾ ਕਦਮ ਹੈ।

## (2) ਸਿੱਖ ਬੰਦੀ ਸਿੰਘਾਂ ਦੀ ਰਿਹਾਈ ਮਸਲਾ ਗੁੰਝਲਦਾਰ ਬਣ ਗਿਆ ਹੈ

31 ਅਗਸਤ 1995 ਨੂੰ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਸ. ਬੇਅੰਤ ਸਿੰਘ ਤੇ ਕਾਤਲਾਨਾ ਹਮਲਾ



ਕਰਕੇ, ਉਹਨਾਂ ਦਾ ਕਤਲ ਕਰਨ ਦੇ ਮੁਕੱਦਮੇ ਵਿਚ ਸੰਨ 2007 ਤੋਂ ਮੌਤ ਦੀ ਸਜ਼ਾ ਮਿਲਣ ਤੇ ਫਾਂਸੀ ਦੀ ਉਡੀਕ ਕਰ ਰਹੇ ਬਲਵੰਤ ਸਿੰਘ ਰਾਜੋਆਨਾ ਸਮੇਤ 26 ਬੰਦੀ ਸਿੱਖ ਦੇਸ਼ ਦੀਆਂ ਵੱਖ-ਵੱਖ ਜੇਲਾਂ ਵਿਚ ਬੰਦ ਹਨ। ਇਹਨਾਂ 26 ਵਿਚੋਂ 16 ਕੈਦੀ ਤਾਂ ਅਜਿਹੇ ਹਨ ਜਿਨ੍ਹਾਂ ਨੂੰ ਇਕ ਵਾਰ ਵੀ ਜੇਲ ਤੋਂ ਪੈਰੋਲ ਨਹੀਂ ਮਿਲੀ। ਇਹਨਾਂ ਵਿਚੋਂ ਬਹੁਤਿਆਂ ਨੇ ਅਦਾਲਤ ਵੱਲੋਂ ਮਿਲੀਆਂ ਸਜ਼ਾਵਾਂ ਵੀ ਪੂਰੀਆਂ ਕਰ ਲਈਆਂ ਹਨ, ਪਰ ਕਿਸੇ ਨਾ ਕਿਸੇ ਬਹਾਨੇ ਇਹਨਾਂ ਦੀ ਰਿਹਾਈ ਨੂੰ ਰੋਕਿਆ ਜਾਂਦਾ ਰਿਹਾ ਹੈ। ਸੁਪਰੀਮ ਕੋਰਟ ਵਿਚ ਭਾਈ ਰਾਜੋਆਣਾ ਦੀ ਇਕ ਦਰਖਾਸਤ ਫੈਸਲੇ ਅਧੀਨ ਹੈ, ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਫੈਸਲਾ ਅਜੇ ਲੰਬਿਤ ਹੈ। ਭਾਵੇਂ ਕਿ ਦੇਸ਼ ਦੇ ਗ੍ਰਹਿ ਮੰਤਰੀ ਨੇ ਦੇਸ਼ ਦੀ ਪਾਰਲੀਮੈਂਟ ਵਿਚ ਇਹ ਸਪੱਸ਼ਟ ਕੀਤਾ ਸੀ ਕਿ ਕਿਉਂਕਿ ਇਹ ਪਟੀਸ਼ਨ ਤੇ ਭਾਈ ਰਾਜੋਆਣਾ ਨੇ ਦਸਤਖਤ ਨਹੀਂ ਕੀਤੇ, ਇਹ ਸ਼੍ਰੋਮਣੀ ਕਮੇਟੀ ਵੱਲੋਂ ਬਤੌਰੇ ਹੋਰ ਧਿਰ ਪਟੀਸ਼ਨ ਪਾਈ ਗਈ ਹੈ ਤਾਂ ਦੋਸ਼ੀ ਵੱਲੋਂ ਆਪਣਾ ਗੁਨਾਹ ਕਬੂਲ ਕਰਕੇ, ਗਲਤੀ ਦਾ ਅਹਿਸਾਸ ਕਰਦੀ ਹੋਈ ਪਟੀਸ਼ਨ ਤੇ ਹੀ ਸਰਕਾਰ ਮਾਨਯੋਗ ਅਦਾਲਤ ਵਿਚ ਆਪਣੇ ਵਲੋਂ ਕੋਈ ਸਬੰਧਿਤ ਦਲੀਲ ਪੇਸ਼ ਕਰ ਸਕਦੀ ਹੈ। ਇਸ ਤੋਂ ਸਰਕਾਰ ਦਾ ਸਟੈਂਡ ਇਸ ਕੇਸ ਵਿਚ ਸਪੱਸ਼ਟ ਹੋ ਗਿਆ ਸੀ। ਸ. ਬੇਅੰਤ ਸਿੰਘ ਦੇ ਪੋਤਰੇ ਮੈਂਬਰ ਪਾਰਲੀਮੈਂਟ ਨੇ ਵੀ ਮਾਫੀ ਦੇਣ ਵਾਲੀ ਗੱਲ ਤੇ ਆਪਣਾ ਇਤਰਾਜ਼

ਦਰਜ ਕਰਵਾਇਆ ਸੀ ਤੇ ਕਿਹਾ ਸੀ ਕਿ ਕਤਲ ਤਾਂ ਹੋਇਆ ਹੈ ਇਸ ਨੂੰ ਝੁਠਲਾਇਆ ਨਹੀਂ ਜਾ ਸਕਦਾ। ਅੱਜ ਹਾਲਾਤ ਹੋਰ ਹਨ ਹੁਣ ਰਵਨੀਤ ਸਿੰਘ ਬਿੱਟੂ ਭਾਜਪਾ ਵਿਚ ਹਨ ਅਤੇ ਉਹਨਾਂ ਨੇ ਆਪਣਾ ਸਟੈਂਡ ਵੀ ਬਦਲ ਲਿਆ ਹੈ। ਵੱਖ-ਵੱਖ ਸਮੇਂ ਤੇ ਸਿੱਖ ਜਥੇਬੰਦੀਆਂ ਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਭਾਈ ਰਾਜੋਆਣਾ ਸਮੇਤ ਲੰਮੇ ਸਮੇਂ ਤੋਂ ਜੇਲਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਲਈ ਬੜੇ ਯਤਨ ਆਰੰਭੇ ਹਨ। 2012 ਵਿਚ ਭਾਈ ਰਾਜੋਆਣਾ ਨੂੰ ਫਾਂਸੀ ਦੇਣ ਲਈ ਤਰੀਖ ਵੀ ਨਿਸ਼ਚਿਤ ਹੋ ਗਈ ਸੀ। ਪੰਜਾਬ ਦੀ ਅਕਾਲੀ ਸਰਕਾਰ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਕੇਂਦਰ ਵਿਚਲੀ ਕਾਂਗਰਸ ਸਰਕਾਰ ਨੂੰ ਅਮਨ ਕਾਨੂੰਨ ਦੀ ਸਥਿਤੀ ਵਿਗੜਨ ਦੇ ਡਰ ਦੱਸ ਕੇ ਇਹ ਫੈਸਲਾ ਰੁਕਵਾ ਲਿਆ ਸੀ। ਸੰਨ 2013 ਵਿਚ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਅਤੇ ਫਿਰ ਭਾਈ ਸੂਰਤ ਸਿੰਘ ਖ਼ਾਲਸਾ ਨੇ ਲੰਮੀਆਂ ਭੁੱਖ ਹੜਤਾਲਾਂ ਰੱਖੀਆਂ ਪਰ ਸਰਕਾਰ ਵੱਲੋਂ ਕੋਈ ਵੀ ਧਾਰਮਿਕ ਫੈਸਲਾ ਨਾ ਲਿਆ ਜਾ ਸਕਿਆ। ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਦਵਿੰਦਰਪਾਲ ਸਿੰਘ ਭੁੱਲਰ, ਲਖਵਿੰਦਰ ਸਿੰਘ ਲੱਖਾ, ਗੁਰਮੀਤ ਸਿੰਘ, ਸਮਸ਼ੇਰ ਸਿੰਘ, ਪਰਮਜੀਤ ਸਿੰਘ ਭਿਉਰਾ, ਜਗਤਾਰ ਸਿੰਘ ਤਾਰਾ ਤੇ ਕੁਲਦੀਪ ਸਿੰਘ ਖੇੜਾ ਤਕਰੀਬਨ 30 ਸਾਲ ਤੋਂ ਦੇਸ਼ ਦੀਆਂ ਵੱਖ-ਵੱਖ ਜੇਲਾਂ ਵਿਚ ਬੰਦ ਹਨ। ਇਹਨਾਂ ਵਿਚੋਂ ਬਹੁਤੇ ਵੱਖ-ਵੱਖ ਮੁਕੱਦਮਿਆਂ ਵਿਚ ਉਹਨਾਂ ਨੂੰ ਮਿਲੀਆਂ ਸਜ਼ਾਵਾਂ ਪੂਰੀਆਂ ਵੀ ਕਰ ਚੁੱਕੇ ਹਨ। ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਪ੍ਰਕਾਸ਼ ਉਤਸਵ ਤੋਂ ਕੁਝ ਦਿਨ ਪਹਿਲਾਂ ਕੇਂਦਰੀ ਸਰਕਾਰ ਨੇ ਇਕ ਨੋਟੀਫਿਕੇਸ਼ਨ ਰਾਹੀਂ ਇਹ ਐਲਾਨ ਕਰ ਦਿੱਤਾ ਕਿ ਅੱਠ ਬੰਦੀ ਸਿੱਖਾਂ ਨੂੰ ਰਿਹਾਅ ਕੀਤਾ ਜਾ ਰਿਹਾ ਹੈ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਨੂੰ ਉਮਰ ਕੈਦ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਬਲਵੰਤ ਸਿੰਘ ਰਾਜੋਆਣਾ ਦੇ ਕੇਸ ਵਿਚ ਕੇਂਦਰੀ ਸਰਕਾਰ ਆਪਣੇ ਹੀ ਉਕਤ ਨੋਟੀਫਿਕੇਸ਼ਨ ਨੂੰ ਹੂ-ਬ-ਹੂ ਲਾਗੂ ਕਰਨ ਤੋਂ ਆਨੇ ਬਹਾਨੇ ਕੰਨੀ ਕਤਰਾ ਰਹੀ ਹੈ। ਜੋ ਕਿ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਇਹ ਸਹੀ ਹੈ ਕਿ ਸਿਆਸੀ ਜਮਾਤਾਂ ਹਰ ਫੈਸਲੇ ਵਿਚ ਆਪਣੀ ਪਾਰਟੀ ਦਾ ਫਾਇਦਾ ਨੁਕਸਾਨ ਸੋਚਦੀਆਂ ਹਨ, ਪ੍ਰੰਤੂ ਜੇਕਰ ਬੀ.ਜੇ.ਪੀ. ਦੀ ਮੋਦੀ ਸਰਕਾਰ ਕੋਈ ਸਾਰਥਿਕ ਤੇ ਹਾਂ-ਪੱਖੀ ਫੈਸਲਾ ਲੈਂਦੀ ਹੈ ਤਾਂ ਸਮੁੱਚੇ ਸਿੱਖ ਪੰਥ ਦਾ ਮਨ ਜਿੱਤਣ ਵਿਚ ਇਹ ਫੈਸਲਾ ਪਾਰਟੀ ਲਈ ਲਾਭਦਾਇਕ ਹੋ ਸਕਦਾ ਹੈ।

## ( 3 ) ਖੰਘ ਦੀ ਦਵਾਈ ਪੀਣ ਨਾਲ ਬੱਚਿਆਂ ਦੀ ਮੌਤ ਨਿੰਦਣਯੋਗ ਤੇ ਦੁਖਦਾਈ ਵਰਤਾਰਾ

ਛੋਟੇ ਬੱਚਿਆਂ ਦੀ ਖੰਘ ਦੀ ਦਵਾਈ ਕੋਲਡਰਿਫ ਪੀਣ ਨਾਲ ਮੱਧ ਪ੍ਰਦੇਸ਼ ਵਿਚ 13 ਤੇ ਰਾਜਸਥਾਨ ਵਿਚ 3 ਬੱਚਿਆਂ ਦੀ ਹੋਈ ਮੌਤ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ ਹੈ। ਖੰਘ ਤੋਂ ਪੀੜਤ ਬੱਚਿਆਂ ਨੂੰ ਦੇਣ ਦੀ ਵੱਖ-ਵੱਖ ਸੂਬਿਆਂ ਵਿਚ ਮੁਫ਼ਤ ਦਿੱਤੀ ਜਾਣ ਵਾਲੀ ਇਹ ਦਵਾਈ ਪੀਣ ਨਾਲ ਹੋਈਆਂ ਇਨ੍ਹਾਂ ਮੌਤਾਂ ਤੋਂ ਇਲਾਵਾ ਹੋਰ 2 ਦਰਜਨ ਬੱਚਿਆਂ ਦੇ ਬਿਮਾਰ ਹੋਣ ਦੀ ਖ਼ਬਰ ਹੈ। ਇਸ ਦਵਾਈ ਦਾ ਅਸਰ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਉੱਤਰਾਖੰਡ, ਦਿੱਲੀ, ਪੰਜਾਬ, ਝਾਰਖੰਡ, ਪੱਛਮੀ ਬੰਗਾਲ, ਛੱਤੀਸਗੜ੍ਹ, ਕੇਰਲ ਅਤੇ ਤਾਮਿਲਨਾਡੂ ਵਿਚ ਵੀ ਹੋਣ ਕਾਰਨ ਭਾਵੇਂ ਇਥੇ ਦੀਆਂ ਸੂਬਾ ਸਰਕਾਰਾਂ ਨੇ ਇਸ ਦਵਾਈ ਤੇ ਪਾਬੰਦੀ ਲਾਉਣ ਦਾ ਐਲਾਨ ਕਰ ਦਿੱਤਾ ਹੈ। ਪ੍ਰੰਤੂ ਪੂਰੇ ਦੇਸ਼ ਵਿਚ ਹੀ ਇਸ ਸਬੰਧੀ ਜਲਦੀ ਅਤੇ ਸਖ਼ਤ ਫੈਸਲਾ ਲੈਣ ਦੀ ਜ਼ਰੂਰਤ ਹੈ। ਪੰਜਾਬ ਸਰਕਾਰ ਨੇ ਇਸ ਕੰਪਨੀ ਦੀ ਉਕਤ ਦਵਾਈ 'ਤੇ ਪਾਬੰਦੀ ਲਗਾ ਦਿੱਤੀ ਹੈ। ਹੁਣ ਤੱਕ ਸਾਹਮਣੇ ਆਈ ਜਾਂਚ ਰਿਪੋਰਟ ਤੋਂ ਪਤਾ ਲੱਗਾ ਹੈ ਕਿ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਡਿਸਪੈਂਸਰੀਆਂ ਵਿਚ ਇਹ ਮੁਫ਼ਤ ਦਵਾਈ ਦੀ ਸਪਲਾਈ ਦੇਣ ਲਈ ਕੰਟਰੋਲ ਕਮੇਟੀਆਂ ਵੱਲੋਂ ਬੜੀ ਲਾਪ੍ਰਵਾਹੀ ਵਰਤੀ ਗਈ ਹੈ ਅਤੇ ਘੱਟੋ ਘੱਟ ਮਿਆਰੀ ਦਵਾਈਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਹ ਪ੍ਰਸ਼ਾਸਨਿਕ ਤੰਤਰ ਦੀ ਲਾਪ੍ਰਵਾਹੀ ਦੀ ਇਕ ਗੰਭੀਰ ਮਿਸਾਲ ਹੈ ਅਤੇ ਮਾਸੂਮ ਜਾਨਾਂ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼, ਨਿੰਦਣਯੋਗ ਤੇ ਨਾਮਾਫ਼ੀ ਯੋਗ ਕ੍ਰਿਆ ਹੈ। ਸਰਕਾਰੀ ਹਸਪਤਾਲਾਂ ਤੇ ਡਿਸਪੈਂਸਰੀਆਂ ਵਿਚ ਆਮ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਦੀ ਜਾਣਕਾਰੀ ਵਿਚ ਪਾਰਦਰਸ਼ਤਾ ਦੀ ਘਾਟ ਹੈ। ਅਕਸਰ ਸਰਕਾਰੀ ਹਸਪਤਾਲਾਂ ਵਿਚ ਦਿੱਤੀਆਂ ਜਾਣ ਵਾਲੀਆਂ ਦਵਾਈਆਂ ਦੀ ਮਿਆਦ ਹੀ ਮੁੱਕ ਚੁੱਕੀ ਹੁੰਦੀ ਹੈ। ਸਰਕਾਰੀ ਡਿਸਪੈਂਸਰੀਆਂ ਵਿਚ ਵੱਡੀ ਭੀੜ ਹੋਣ ਕਾਰਨ ਅਤੇ ਡਾਕਟਰਾਂ ਤੇ ਵਿਸ਼ਵਾਸ ਹੋਣ ਕਾਰਨ ਲੋਕ ਕਾਹਲੀ ਵਿਚ ਜੋ ਵੀ ਦਵਾਈ ਮਿਲੇ ਉਸ ਨੂੰ ਲੈ ਲੈਂਦੇ ਹਨ। ਅਜਿਹੇ ਵਰਤਾਰਿਆਂ ਨਾਲ ਵਿਦੇਸ਼ਾਂ ਵਿਚ ਵੀ ਦੇਸ਼ ਵਿਚ ਬਣੀਆਂ ਦਵਾਈਆਂ




ਦੀ ਵੱਡੇ ਪੱਧਰ 'ਤੇ ਚਰਚਾ ਹੁੰਦੀ ਹੈ ਅਤੇ ਦੇਸ਼ ਦੀ ਸ਼ਵੀ 'ਤੇ ਬੁਰਾ ਅਸਰ ਪੈਂਦਾ ਹੈ। ਪਿੱਛੇ ਜਿਹੇ ਭਾਰਤ ਵਿਚ ਬਣੀਆਂ ਘਟੀਆ ਦਰਜੇ ਦੀਆਂ ਪੀਣ ਵਾਲੀਆਂ ਦਵਾਈਆਂ ਕਾਰਨ ਉਜਬੇਕਿਸਤਾਨ ਅਤੇ ਜਾਂਬੀਆ ਵਿਚ ਵੀ ਕਈ ਮੌਤਾਂ ਹੋ ਗਈਆਂ ਸਨ। ਮਨੁੱਖਤੀ ਦੀ ਦੁਸ਼ਮਣ ਅਜਿਹੇ ਦਵਾਈ ਨਿਰਮਾਤਾਵਾਂ ਖਿਲਾਫ਼ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਤੈਅ ਕੀਤੇ ਗਏ ਮਿਆਰਾਂ ਅਤੇ ਬਣਾਏ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ ਤਾਂ ਜੋ ਅਜਿਹੀਆਂ ਅਣਮਨੁੱਖੀ ਘਟਨਾਵਾਂ ਨੂੰ ਨੱਥ ਪਾਈ ਜਾ ਸਕੇ।

# ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

55.

**ਲੇਕਿਨ ਯੇਹ ਦੋ ਸਮਰ ਹੈਂ ਮਿਰੇ ਨੌਨਿਹਾਲ ਕੇ।**
**ਬੇਟੇ ਹੈਂ ਦੋਨੋਂ ਸਰਵਰਿ ਫ਼ੌਜਿ ਅਕਾਲ ਕੇ।**
**ਰੱਖ ਕਰ ਇਨ੍ਹੇਂ ਕਲੇਜੇ ਮੇਂ, ਆਂਖੋਂ ਮੇਂ ਡਾਲ ਕੇ।**
**ਬੇਟੇ ਕੀ ਲੇ ਕੇ ਜਾਊਂ ਅਮਾਨਤ ਸੰਭਾਲ ਕੇ।**
**ਬੇਟੇ ਕਾ ਮਾਲ ਹੈ ਯੇਹ ਬਹੂ ਕੀ ਕਮਾਈ ਹੈ।**
**ਹੈ ਮੇਰੀ ਲਾਖ ਫਿਰ ਭੀ, ਯੇਹ ਦੌਲਤ ਪਰਾਈ ਹੈ।**

ਪ੍ਰੰਤੂ ਇਹ ਦੋਵੇਂ ਫਲ ਮੇਰੇ ਸਪੁੱਤਰ ਦੇ ਹਨ। ਇਨ੍ਹਾਂ ਦਾ ਪਿਤਾ ਅਕਾਲ-ਪੁਰਖ ਦੀ ਸੈਨਾ ਦਾ ਸਰਦਾਰ ਹੈ। ਇਸ ਲਈ ਮੈਂ ਇਨ੍ਹਾਂ ਨੂੰ ਕਲੇਜੇ ਨਾਲ ਲਾ ਕੇ ਰੱਖਾਂਗੀ ਅਤੇ ਅਮਾਨਤ ਵਾਂਗ ਅੱਖਾਂ ਸਾਹਵੇਂ ਸੰਭਾਲ ਕੇ ਰੱਖਾਂਗੀ। ਇਹ ਮੇਰੇ ਬੇਟੇ ਦਾ ਸਰਮਾਇਆ ਅਤੇ ਬਹੂ ਦੀ ਕਮਾਈ ਹੈ। ਬੇਸ਼ੱਕ ਮੈਂ ਇਸ ਉੱਤੇ ਲੱਖ ਅਧਿਕਾਰ ਜਮਾਵਾਂ ਅਤੇ ਆਪਣੀ ਆਖਾਂ, ਫਿਰ ਵੀ ਇਹ ਪਰਾਈ ਦੌਲਤ ਹੈ।

56.

**ਮਨਜ਼ੂਰ ਇਸ ਘੜੀ ਜੋ ਤੁਝੇ ਇਮਤਿਹਾਨ ਹੈ।**
**ਹਾਜ਼ਰ ਬਜਾਇ ਪੋਤੋਂ ਕੇ ਦਾਦੀ ਕੀ ਜਾਨ ਹੈ।**
**ਹੂੰ ਸੁਰਖ਼ਰੂ ਬਹੂ ਸੇ, ਯਹੀ ਦਿਲ ਮੇਂ ਧਯਾਨ ਹੈ।**
**ਬਾਂਕਾ ਨਾ ਇਨ ਕਾ ਬਾਲ ਹੋ ਡਰ ਯੇਹ ਹਰ ਆਨ ਹੈ।**
**ਵਰਨਾ ਜਵਾਬ ਦੂੰਗੀ, ਮੈਂ ਕਯਾ ਇਨ ਕੇ ਬਾਪ ਕੋ।**
**ਸਦਕੇ ਕਰੂੰ ਮੈਂ ਇਨ ਕੇ ਸਰੋਂ ਪੇ ਅਪਨੇ ਆਪ ਕੋ।**

ਇਸ ਸਮੇਂ ਜੋ ਇਮਤਿਹਾਨ ਆਪ ਨੂੰ ਮਨਜ਼ੂਰ ਹੈ, ਉਸ ਲਈ ਪੋਤਿਆਂ ਦੀ ਜਗਾਹ ਮੇਰੀ (ਦਾਦੀ ਦੀ) ਜਾਨ ਹਾਜ਼ਰ ਹੈ। ਹੁਣ ਮੇਰੇ ਦਿਲ ਵਿਚ ਇਹੋ ਵਿਚਾਰ ਹੈ ਕਿ ਮੈਂ ਆਪਣੀ ਬਹੂ ਤੋਂ ਵੀ ਸੁਰਖ਼ਰੂ ਹੋਵਾਂ। ਹਰ ਸਮੇਂ ਮੈਨੂੰ ਇਹੋ ਭੈ ਹੈ ਕਿ ਕਿਤੇ ਪੋਤਰਿਆਂ ਦਾ ਵਾਲ ਤੱਕ ਵਿੰਗਾ ਨਾ ਹੋਵੇ। ਨਹੀਂ ਤਾਂ ਇਨ੍ਹਾਂ ਦੇ ਪਿਤਾ ਨੂੰ ਮੈਂ ਕੀ ਉੱਤਰ ਦੇਵਾਂਗੀ? ਇਸ ਲਈ ਪੋਤਰਿਆਂ ਦੀ ਥਾਂ ਮੈਂ ਆਪਣੀ ਜਾਨ ਵਾਰ ਦੇਵਾਂਗੀ।

57.

**ਗੰਗੂ ਰਸੋਈਏ ਨੇ ਜੁ ਦੇਖਾ ਯੇਹ ਇਜ਼ਤਰਾਬ।**
**ਮਾਤਾ ਸੇ ਸਤਿਗੁਰੂ ਕੀ ਕੀਆ ਉਸ ਨੇ ਯੇਹ ਖ਼ਿਤਾਬ:**
**'ਗਾਂਉ' ਮੇਰਾ ਕਰੀਬ ਹੈ ਚਲੀਏ ਵਹਾਂ ਜਨਾਬ।**
**ਵਾਗੇਂ ਉਠਾ ਕੇ ਆਈਏ ਪੀਛੇ ਮਿਰੇ ਸ਼ਿਤਾਬ।**
**'ਖੇੜੀ' ਮੇਂ ਆ ਬਿਰਾਜੇ ਯੇਹ ਅਲਕਿੱਸਾ ਸ਼ਾਮ ਕੋ।**
**ਕੋਠਾ ਬ੍ਰਾਹਮਨ ਨੇ ਦੀਆ ਥਾ ਇਕ, ਕਯਾਮ ਕੋ।**

ਜਦੋਂ ਗੰਗੂ ਰਸੋਈਏ ਨੇ ਸਤਿਗੁਰਾਂ ਦੀ ਮਾਤਾ ਦੀ ਇਹ ਪਰੇਸ਼ਾਨੀ ਵੇਖੀ ਤਾਂ ਕਹਿਣ ਲੱਗਾ ਕਿ ਮੇਰਾ ਪਿੰਡ ਇਥੋਂ ਨੇੜੇ ਹੀ ਹੈ, ਆਪ ਉਥੇ ਚੱਲਣਾ ਕਰੋ। ਜਲਦੀ-ਜਲਦੀ ਮੇਰੇ ਪਿੱਛੇ ਆਈ ਜਾਵੋ। ਮੁੱਕਦੀ ਗੱਲ, ਸ਼ਾਮ ਨੂੰ ਮਾਤਾ ਜੀ ਪੋਤਿਆਂ ਸਮੇਤ ਖੇੜੀ ਪਿੰਡ ਪਹੁੰਚ ਗਏ, ਜਿਥੇ ਗੰਗੂ ਬ੍ਰਾਹਮਣ ਨੇ ਠਹਿਰਨ ਲਈ ਇੱਕ ਕੋਠਾ ਦੇ ਦਿੱਤਾ।

58.

**ਦਿਨ ਭਰ ਕੀ ਦੌੜ ਧੁਪ ਸੇ, ਸਭ ਕੋ ਥਕਾਨ ਥਾ।**

**ਮਹਿਫੂਜ਼ ਹਰ ਤਰਹ ਸੇ ਬਜ਼ਾਹਰ ਮਕਾਨ ਥਾ।**

**ਬਰਸੋਂ ਜਿਸੇ ਖਿਆਯਾ ਥਾ ਵੁਹ ਮੇਜ਼ਬਾਨ ਥਾ।**

**ਖ਼ਤਰੇ ਕਾ ਇਸ ਵਜ੍ਹਾ ਨਹੀਂ ਵਹਿਮੋ-ਗੁਮਾਨ ਥਾ।**

**ਨੌਕਰ ਕਾ ਘਰ ਸਮਝ ਕੇ ਵੁਹ ਬੇਫ਼ਿਕਰ ਹੋ ਗਏ।**

**ਲਗ ਕਰ ਗਲੇ ਸੇ ਦਾਦੀ ਕੇ ਸ਼ਹਿਜ਼ਾਦੇ ਸੋ ਗਏ।**

ਸਾਰੇ ਦਿਨ ਦੀ ਭੱਜ–ਦੌੜ ਕਰਕੇ ਸਾਰੇ ਹੀ ਥੱਕੇ ਹੋਏ ਸਨ। ਮਕਾਨ ਵੇਖਣ ਨੂੰ ਹਰ ਤਰ੍ਹਾਂ ਸੁਰੱਖਿਅਤ ਸੀ। ਵਰ੍ਹਿਆਂਬੱਧੀ ਜਿਸ ਨੂੰ ਖਵਾਇਆ–ਪਿਆਇਆ ਸੀ, ਉਹ ਅੱਜ ਮੇਜ਼ਬਾਨ ਸੀ। ਇਸ ਕਾਰਨ ਖ਼ਤਰੇ ਦਾ ਕੋਈ ਡਰ–ਭੁੱਕਰ ਨਹੀਂ ਸੀ। ਨੌਕਰ ਦਾ ਘਰ ਸਮਝ ਕੇ ਉਹ ਬੇਫ਼ਿਕਰ ਸਨ ਅਤੇ ਦੋਨੋਂ ਸਾਹਿਬਜ਼ਾਦੇ ਦਾਦੀ ਦੇ ਗਲ ਲੱਗ ਕੇ ਸੌਂ ਗਏ।

59.

**ਮਾਤਾ ਕੇ ਸਾਥ ਡਿੱਬਾ ਥਾ ਇਕ ਜ਼ੇਬਰਾਤ ਕਾ।**

**ਲਲਚਾ ਜਿਸੇ ਥਾ ਦੇਖ ਕੇ ਜੀ ਬਦਸਿਫ਼ਾਤ ਕਾ।**

**ਕਹਤੇ ਹੈਂ ਜਬ ਕਿ ਵਕਤ ਹੂਆ ਆਧੀ ਰਾਤ ਕਾ।**

**ਜੀ ਮੇਂ ਕੀਆ ਨ ਖ਼ੌਫ਼ ਕੁੱਛ ਆਕਾ ਕੀ ਮਾਤ ਕਾ।**

**ਮੁਹਰੋਂ ਕਾ ਬਦਰਾ ਔਰ ਵੁਹ ਡਿੱਬਾ ਉੜਾ ਗਿਆ।**

**ਧੋਖੇ ਸੇ ਬ੍ਰਾਹਮਨ ਵੁਹ ਖ਼ਜ਼ਾਨਾ ਚੁਰਾ ਗਿਆ।**

ਦਾਦੀ ਮਾਂ ਕੋਲ ਇਕ ਗਹਿਣਿਆਂ ਦਾ ਡੱਬਾ ਵੀ ਸੀ, ਜਿਸ ਨੂੰ ਵੇਖ ਕੇ ਨੀਚ ਗੰਗੂ ਦਾ ਮਨ ਲਲਚਾ ਗਿਆ। ਕਹਿੰਦੇ ਹਨ ਕਿ ਜਦੋਂ ਅੱਧੀ ਰਾਤ ਦਾ ਸਮਾਂ ਹੋਇਆ, ਗੰਗੂ ਨੇ ਆਪਣੇ ਮਾਲਕ ਦੀ ਮਾਤਾ ਦਾ ਵੀ ਕੋਈ ਡਰ–ਭੈ ਨਾ ਮੰਨਿਆ। ਉਸ ਨੇ ਮੋਹਰਾਂ ਦੀ ਥੈਲੀ ਅਤੇ ਗਹਿਣਿਆਂ ਦਾ ਡੱਬਾ ਚੁਰਾ ਲਿਆ। ਬ੍ਰਾਹਮਣ ਨੇ ਧੋਖੇ ਨਾਲ ਸਾਰਾ ਖਜ਼ਾਨਾ ਹੀ ਲੁੱਟ ਲਿਆ।

60.

**ਬਦਜ਼ਾਤ ਬਦਸਿਫ਼ਾਤ ਵੋਹ ਗੰਗੂ ਨਿਮਕਹਰਾਮ।**

**ਟੁਕੜੋਂ ਪੈ ਸਤਿਗੁਰੂ ਕੇ ਜੁ ਪਲਤਾ ਰਹਾ ਮੁਦਾਮ।**

**ਘਰ ਲੇ ਕੇ ਸ਼ਹਿਜ਼ਾਦੋਂ ਕੋ ਆਯਾ ਜੋ ਬਦਲਗਾਮ।**

**ਥਾ ਜ਼ਰ ਕੇ ਲੂਟਨੇ ਕੋ ਕੀਆ ਯਿਹ ਇੰਤਜ਼ਾਮ।**

**ਦੁਨੀਆਂ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਿਆ।**

**ਦੁਸ਼ਮਨ ਭੀ ਜੋ ਨ ਕਰਤਾ ਵੁਹ ਯੇਹ ਕਾਮ ਕਰ ਗਿਆ।**

ਗੁਰੂ ਮਹਾਰਾਜ ਦੇ ਟੁਕੜਿਆਂ ਉੱਤੇ ਜੋ ਹਮੇਸ਼ਾ ਪਲਦਾ ਰਿਹਾ ਸੀ, ਉਹ ਗੰਗੂ ਬਦਜ਼ਾਤ, ਦੁਸ਼ਟ ਤੇ ਨਿਮਕਹਰਾਮ ਨਿਕਲਿਆ। ਆਪ–ਹੁਦਰਾ ਗੰਗੂ ਜੋ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੇ ਘਰ ਲੈ ਕੇ ਆਇਆ ਸੀ, ਉਸ ਨੇ ਧਨ–ਦੌਲਤ ਨੂੰ ਲੁੱਟਣ ਲਈ ਹੀ ਇਹ ਯੋਜਨਾ ਘੜੀ ਸੀ। ਇਹ ਕੁਕਰਮ ਕਰਕੇ ਗੰਗੂ ਸਾਰੀ ਦੁਨੀਆਂ ਵਿਚ ਆਪਣੇ ਨਾਮ ਨੂੰ ਕਲੰਕਿਤ ਕਰ ਗਿਆ ਅਤੇ ਉਹ ਕੰਮ ਕੀਤਾ ਜੋ ਕਦੀ ਦੁਸ਼ਮਣ ਵੀ ਨਹੀਂ ਕਰਦੇ।

**(ਚਲਦਾ)**

● ● ●

# ਨੀਅਤ ਸਾਫ਼ ਤੇ ਮਕਸਦ ਸਹੀ ਹੋਵੇ ਤਾਂ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਤੁਹਾਡੀ ਮੱਦਦ ਕਰਦਾ ਹੈ।

ਸਿਹਤ ਸੰਭਾਲ

# ਅਨਾਰ ਕਰਦਾ ਹੈ ਤੁਹਾਡੇ ਦਿਲ ਅਤੇ ਜਾਨ ਦੀ ਰੱਖਿਆ

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ।

ਯੋਗ ਇਕ ਸੰਪੂਰਨ ਇਲਾਜ ਵਿਧੀ ਹੈ, ਇਸ ਵਿਚ ਕੋਈ ਸ਼ੱਕ ਨਹੀਂ, ਪਰ ਸਿਰਫ ਕੁਝ ਆਸਣ ਜਾਂ ਸਵਾਸ ਪ੍ਰਕਿਰਿਆਵਾਂ ਸੰਪੂਰਨ ਯੋਗ ਨਹੀਂ ਹਨ। ਯੋਗ ਦੇ 8 ਅੰਗ ਹਨ : ਯਮ, ਨਿਯਮ, ਆਸਣ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਨਾ, ਧਿਆਨ ਅਤੇ ਸਮਾਧੀ।

ਸਵਾਲ ਉਠਦਾ ਹੈ ਕਿ ਸਰੀਰਕ ਅਭਿਆਸ ਕ੍ਰਮ ਮਹੱਤਵਪੂਰਨ ਹੈ ਜਾਂ ਮਾਨਸਿਕ ਅਭਿਆਸ ਕ੍ਰਮ? ਸਾਡਾ ਸਰੀਰ ਅਤੇ ਸਾਡੀ ਸ਼ਖ਼ਸੀਅਤ ਅਸਲ ਵਿਚ ਸਾਡੀ ਭਾਵ ਪ੍ਰਕਿਰਿਆ ਦੁਆਰਾ ਨਿਰਮਿਤ ਹੁੰਦੀ ਹੈ। ਜਿਹੋ ਜਿਹਾ ਅਸੀਂ ਲਗਾਤਾਰ ਚਿੰਤਨ ਕਰਦੇ ਹਾਂ ਜਾਂ ਸੋਚਦੇ ਹਾਂ, ਉਹੋ ਜਿਹੇ ਹੀ ਅਸੀਂ ਹੋ ਜਾਂਦੇ ਹਾਂ। ਇਸ ਲਈ ਸਾਡੀ ਸੋਚ ਦਾ ਸਿੱਧਾ ਅਸਰ ਸਾਡੀ ਸਿਹਤ ਜਾਂ ਰੋਗ 'ਤੇ ਵੀ ਪੈਂਦਾ ਹੈ। ਇਹੀ ਵਿਚਾਰ ਪ੍ਰਕਿਰਿਆ ਜਾਂ ਆਤਮ-ਸੰਸੂਚਨ ਜਾਂ ਸੂਚਨਾ ਰੋਗ ਦੇ ਇਲਾਜ ਵਿਚ ਵੀ ਸਭ ਤੋਂ ਮਹੱਤਵਪੂਰਨ ਪ੍ਰਕਿਰਿਆ ਹੈ ਅਰਥਾਤ ਆਪਣੇ ਮਨ ਵਿਚ ਉਠਣ ਵਾਲੇ ਭਾਵ ਜਾਂ ਵਿਚਾਰ ਨਾਲ ਦਿਮਾਗ ਨੂੰ ਪ੍ਰਭਾਵਿਤ ਕਰਨਾ ਹੈ। ਇਥੇ ਮਨ ਮਹੱਤਵਪੂਰਨ ਹੋ ਜਾਂਦਾ ਹੈ। ਜਿਹੋ ਜਿਹਾ ਅਸੀਂ ਚਾਹੁੰਦੇ ਹਾਂ ਜਾਂ ਉਮੀਦ ਕਰਦੇ ਹਾਂ, ਉਹ ਮਨ ਮਸਤਿਕ ਦੀ ਅਲਫਾ ਅਵਸਥਾ ਵਿਚ ਹੀ ਪੂਰਾ ਹੁੰਦਾ ਹੈ।



ਹੁਣ ਸਵਾਲ ਉਠਦਾ ਹੈ ਕਿ ਜੇਕਰ ਮਨ ਦਾ ਹੀ ਸਾਰਾ ਖੇਡ ਹੈ ਤਾਂ ਫਿਰ ਆਸਣ ਅਤੇ ਪ੍ਰਾਣਾਯਾਮ ਦੀ ਕੀ ਲੋੜ ਹੈ? ਸਰੀਰਕ ਕਿਰਿਆਵਾਂ ਅਤੇ ਸਾਹ ਦੇ ਅਭਿਆਸ, ਭੌਤਿਕ ਸਰੀਰ ਨੂੰ ਮਨ ਨਾਲ ਜੋੜਨ ਅਤੇ ਮਨ ਨੂੰ ਸਹੀ ਦਿਸ਼ਾ ਵਿਚ ਲਿਜਾਣ ਲਈ ਜ਼ਰੂਰੀ ਹਨ। ਜਿਵੇਂ ਰੋਟੀ ਬਣਦੀ ਤਾਂ ਆਟੇ ਨਾਲ ਹੀ ਹੈ ਪਰ ਰੋਟੀ ਬਣਾਉਣ ਤੋਂ ਪਹਿਲਾਂ ਆਟੇ ਵਿਚ ਉਚਿਤ ਮਾਤਰਾ ਵਿਚ ਪਾਣੀ ਪਾ ਕੇ ਉਸ ਨੂੰ ਗੁੰਨ੍ਹਣਾ ਅਤੇ ਉਸ ਨੂੰ ਤਿਆਰ ਕਰਨਾ, ਜਿਸ ਨਾਲ ਰੋਟੀ ਸਹੀ ਆਕਾਰ ਦੀ ਅਤੇ ਖਾਣ ਵਿਚ ਚੰਗੀ ਬਣੇ, ਉਸੇ ਹੀ ਤਰ੍ਹਾਂ ਮਨ ਨੂੰ ਅਲਫਾ ਅਵਸਥਾ ਵਿਚ ਲਿਜਾਣ ਦੇ ਲਈ ਯੋਗ ਆਸਣ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਨਾ ਜ਼ਰੂਰੀ ਹੈ।

ਜੇਕਰ ਵਿਅਕਤੀ ਦਾ ਮਨ ਬੇਹੱਦ ਚੰਚਲ ਨਹੀਂ ਹੈ ਅਤੇ ਆਸਾਨੀ ਨਾਲ ਇਕਾਗਰਤਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦੇ ਲਈ ਆਸਣ ਅਤੇ ਪ੍ਰਾਣਾਯਾਮ ਦਾ ਵਧੇਰੇ ਅਭਿਆਸ ਜ਼ਰੂਰੀ ਨਾ ਵੀ ਹੋਵੇ, ਪਰ ਚੰਚਲ ਚਿੱਤ ਵਾਲਿਆਂ ਲਈ ਯੋਗ ਦਾ ਅਭਿਆਸ ਜ਼ਰੂਰੀ ਹੈ। ਜੇਕਰ ਤੁਹਾਡਾ ਮਨ ਘੱਟ ਚੰਚਲ ਹੈ ਜਾਂ ਤੁਸੀਂ ਪਹਿਲਾਂ ਹੀ ਉਚਿਤ ਅਭਿਆਸ ਕਰ ਚੁੱਕੇ ਹੋ ਤਾਂ ਸਰੀਰ ਨੂੰ ਸਹੀ ਆਸਣ ਵਿਚ ਰੱਖ ਕੇ 2-4 ਡੂੰਘੇ ਸਾਹ ਲੈਣ ਨਾਲ ਹੀ ਤੁਸੀਂ ਅਲਫਾ ਅਵਸਥਾ ਵਿਚ ਪਹੁੰਚ ਜਾਵੋਗੇ ਅਤੇ ਇਸ ਅਵਸਥਾ ਵਿਚ ਪਹੁੰਚ ਕੇ ਤੁਸੀਂ ਜੋ ਸੋਚੋਗੇ ਜਾਂ ਜੋ ਸੋਚ ਤੁਹਾਡੀ ਹੋਵੇਗੀ, ਉਹੀ ਭੌਤਿਕ ਜਗਤ ਵਿਚ ਅਸਲੀਅਤ ਗ੍ਰਹਿਣ ਕਰ ਲਵੇਗੀ।

ਜਦੋਂ ਅਸੀਂ ਸਾਧਨਾ ਕਰਦੇ ਹਾਂ ਜਾਂ ਯੋਗ ਸਾਧਨਾ ਕਰਦੇ ਹਾਂ ਤਾਂ ਕੋਈ ਨਾ ਕੋਈ ਭਾਵ ਤਾਂ ਸਾਡੇ ਮਨ ਵਿਚ ਫੈਲਿਆ ਹੁੰਦਾ ਹੀ ਹੈ। ਮਨ ਦੇ ਕਈ ਪੱਧਰ ਹਨ-ਚੇਤਨ ਜਾਂ ਜਾਗ੍ਰਿਤ ਅਵਸਥਾ ਵਿਚ ਵੀ ਭਾਵ ਤਾਂ ਹੁੰਦਾ ਹੀ ਹੈ ਪਰ ਉਹ ਅਸਲੀਅਤ ਵਿਚ ਤਬਦੀਲ ਨਹੀਂ ਹੁੰਦਾ। ਚੇਤਨ ਮਨ ਦੁਆਰਾ ਅਵਚੇਤਨ ਮਨ ਨੂੰ ਪ੍ਰਭਾਵਿਤ ਕਰਨਾ ਵੀ ਅਸਲ ਇਲਾਜ ਵਿਧੀ ਹੈ ਅਤੇ ਇਕਾਗਰਤਾ ਅਤੇ ਧਿਆਨ ਦੇ ਬਿਨਾਂ ਇਹ ਅਸੰਭਵ ਹੈ। ਇਕਾਗਰਤਾ ਅਤੇ ਧਿਆਨ ਨਾਲ ਅਸੀਂ ਅਲਫਾ ਲੈਵਲ ਵਿਚ ਪਹੁੰਚ ਜਾਂਦੇ ਹਾਂ ਜਾਂ ਕਹੋ ਅਲਫਾ ਲੈਵਲ ਵਿਚ ਪਹੁੰਚ ਕੇ ਹੀ ਇਕਾਗਰਤਾ ਅਤੇ ਧਿਆਨ ਦੀ ਪ੍ਰਾਪਤੀ ਹੋ ਸਕਦੀ ਹੈ। ਅਲਫਾ ਅਵਸਥਾ ਕਹੋ ਜਾਂ ਧਿਆਨ ਅਤੇ ਇਕਾਗਰਤਾ ਦੀ ਅਵਸਥਾ ਇਸੇ ਅਵਸਥਾ ਵਿਚ ਚੇਤਨ ਮਨ, ਅਵਚੇਤਨ ਮਨ ਨੂੰ ਪ੍ਰਭਾਵਿਤ ਕਰਦਾ ਹੈ। ਆਮ ਅਵਸਥਾ ਵਿਚ ਵੀ ਸੋਚੇ ਹੋਏ ਵਿਚਾਰ ਅਸਲੀਅਤ ਵਿਚ ਤਬਦੀਲ ਹੋ ਜਾਂਦੇ ਹਨ।

ਜੇਕਰ ਤੁਸੀਂ ਧਿਆਨ ਅਵਸਥਾ ਦੇ ਬਿਨਾਂ ਦੁਹਰਾਅ ਰਹੇ ਹੋ ਕਿ ਮੈਂ ਤੰਦਰੁਸਤ ਹੋ ਰਿਹਾ ਹਾਂ ਤਾਂ ਉਸ ਹਾਲਤ ਵਿਚ ਤੁਹਾਡੇ ਵਿਚਾਰ, ਸੰਕਲਪ ਦੇ ਵਿਰੋਧੀ ਵਿਚਾਰ ਵੀ ਪੈਦਾ ਹੋ ਜਾਂਦੇ ਹਨ। ਧਿਆਨ ਜਾਂ ਇਕਾਗਰਤਾ ਦੀ ਅਵਸਥਾ ਵਿਚ ਹੀ ਕਿਸੇ ਮਨਚਾਹੇ ਵਿਚਾਰ ਨੂੰ ਰੱਖਿਆ ਜਾ ਸਕਦਾ ਹੈ। ਇਸੇ ਹਾਲਤ ਵਿਚ ਹੀ ਦਵੰਦ ਤੋਂ ਮੁਕਤੀ ਸੰਭਵ ਹੈ। ਇਸ ਅਵਸਥਾ ਲਈ ਮਨ ਦੀ ਗਹਿਰਾਈ ਵਿਚ ਉਤਰਨਾ ਜਾਂ ਅਲਫਾ ਪੱਧਰ ਵਿਚ ਪਹੁੰਚਣਾ ਜ਼ਰੂਰੀ ਹੈ। ਇਹੀ ਉਹ ਅਵਸਥਾ ਹੈ, ਜਿਥੋਂ ਅਸੀਂ ਰੋਗ ਨੂੰ ਨਿਰਮੂਲ ਕਰ ਸਕਦੇ ਹਾਂ ਜਾਂ ਰੋਗ ਦੀ ਦਰਦ ਤੋਂ ਮੁਕਤ ਹੋ ਸਕਦੇ ਹਾਂ।

ਸੁੱਖ-ਦੁੱਖ, ਲਾਭ-ਹਾਨੀ, ਆਮਦਨ-ਖਰਚ, ਮਾਣ-ਅਪਮਾਨ ਤੋਂ ਉੱਪਰ ਉਠ ਕੇ ਸਮਤਾ ਵਿਚ ਸਥਿਤ ਹੋ ਜਾਣਾ ਹੀ ਅਸਲ ਵਿਚ ਇਲਾਜ ਹੈ। ਇਥੋਂ ਹੀ ਧਿਆਨ ਤੋਂ ਸਮਾਧੀ ਵੱਲ ਵਧਣ ਦਾ ਮਾਰਗ ਸ਼ੁਰੂ ਹੁੰਦਾ ਹੈ। ਇਹੀ ਯੋਗ ਦੀ ਸਿਖਰ ਅਵਸਥਾ ਹੈ। ਇਸੇ ਵਿਚ ਹੀ ਯੋਗ ਦੀ ਪੂਰਨਤਾ ਹੈ।

# ਕਾਵਿ-ਕਿਆਰੀ

## ਕਵਿਤਾ / ਹਲਫ਼ਨਾਮਿਆਂ ਦੇ ਹਰਫ਼

ਸੁਰਿੰਦਰ ਮਕਸੂਦਪੁਰੀ



ਇੱਕ ਅਚੰਭੇ ਜੇਹੀ ਬਾਤ ਹੈ
ਇੱਕ ਅਨੋਖੀ ਮੁਲਾਕਾਤ ਹੈ
ਜਦੋਂ ਮੇਰੇ ਜ਼ਿਹਨ ਦੀ
ਅਵਚੇਤਨ ਅਵਸਥਾ 'ਚ
ਮਿਲ ਪਏ ਮੈਨੂੰ
ਉਹ ਰੱਬੀ ਦੇਵਤੇ ਇੱਕ ਦਿਨ
ਸੂਰਜ, ਪਾਣੀ ਤੇ ਹਵਾ
ਆਪੋ-ਆਪਣੇ
ਹਲਫ਼ਨਾਮਿਆਂ ਦਾ ਸੰਦੇਸ਼ ਬਣ ਕੇ
ਉੱਚੇ-ਸੁੱਚੇ ਸੁਖ਼ਨਾਂ ਦੇ ਹਰਫ਼ਾਂ ਦਾ
ਸਦਾਚਾਰ ਪਰਿਪੇਖ ਬਣ ਕੇ।

ਸੂਰਜ ਦੇਵਤੇ ਨੇ ਕਿਹਾ :
ਐ ਧਰਤੀ ਮਾਂ ਦੇ ਪੁੱਤਰੋ !
ਐ ਰੱਬੀ ਰਹਿਮਤ ਦੇ ਜਲੌਅ
ਚੰਨ, ਸੂਰਜ, ਤਾਰਿਆਂ
ਆਕਾਸ਼ ਮੰਡਲਾਂ ਦੇ ਪ੍ਰੇਮੀਓ
ਜਗਮਗਾਉਂਦੇ ਦੀਵਿਓ
ਟਿਮਟਿਮਾਉਂਦੇ ਜੁਗਨੂਓ
ਰੁਸ਼ਨਾਉਂਦੇ ਰਹੋ
ਮੇਰੇ ਸੰਗ-ਸਾਥ ਹਰਦਮ
ਆਪਣੀਆਂ ਕਿਰਨਾਂ ਦੇ ਕਾਫ਼ਲੇ
ਮੇਰੇ ਨਾਂਅ ਕਰਦੇ
ਮੇਰੇ ਰੂਹਾਨੀ, ਨੂਰਾਨੀ
ਨਿੱਘ ਦੀ ਗਵਾਹੀ ਭਰਦੇ

'ਪਾਣੀ ਪਿਤਾ' ਦਾ ਦੇਵਤਾ
ਸੰਬੋਧਿਤ ਹੋਇਆ :
ਮੇਰੀ ਮਾਂ ਧਰਤੀ ਦੇ ਜਾਇਓ
ਮੇਰੇ ਅੰਗ-ਸੰਗ ਪ੍ਰਣਾਇਓ
ਵਹਿੰਦੇ ਰਹੋ ਨਿਰੰਤਰ
ਕਹਿੰਦੇ ਰਹੋ ਨਿਰੰਤਰ
ਜਿੱਤਾਂ ਨੂੰ ਜ਼ਿੰਦਾਬਾ
ਹਾਰਾਂ ਨੂੰ ਮੁਰਦਾਬਾਦ

'ਪਵਨ ਗੁਰੂ'
ਹਵਾ ਦੀ ਵਾਰੀ ਆਈ
ਵਾਅਦਿਆਂ-ਵਫ਼ਾਵਾਂ ਦੀ ਝੜੀ ਲਾਈ :
ਜੁੱਗ-ਜੁੱਗ ਜੀਓ
ਮੇਰੇ ਬ੍ਰਹਿਮੰਡ ਦੇ ਬਸ਼ਿੰਦਿਓ
ਸਲਾਮਤ ਰਹੋ ਸਦਾ
ਸੁੱਚੀ ਕਿਰਤ ਦੇ ਕਰਿੰਦਿਓ
ਦੇਂਦੀ ਰਹਾਂਗੀ
ਤੁਹਾਡੇ ਸਾਹਾਂ ਦੀ ਸਰਗਮ ਨੂੰ
ਜ਼ਿੰਦਾਬਾਦ ਜ਼ਿੰਦਗੀ ਦੀ ਆਸ
ਭਰਦੀ ਰਹਾਂਗੀ
ਤੁਹਾਡੇ ਉਸਾਰੂ/ਸੁਚਾਰੂ ਜਜ਼ਬਿਆਂ 'ਚ
ਚੰਨ, ਤਾਰੇ, ਅੰਬਰਾਂ ਨੂੰ ਮਿਲਣ ਦਾ ਸਾਹਸ


ਉੱਡਦੇ ਰਹੋ ਆਪਣੇ
ਉਡਾਰੂ ਪਰਾਂ 'ਤੇ
ਜੂਝਦੇ ਰਹੋ ਆਪਣੇ ਧੜਾਂ
ਆਪਣੇ ਸਿਰਾਂ 'ਤੇ
ਕਿਉਂਕਿ
ਕਰੀਏ ਕੀ ਇਤਬਾਰ
ਬੇਗਾਨੀਆਂ ਛਾਵਾਂ, ਰੁੱਸੀਆਂ ਰਾਹਵਾਂ ਦਾ
ਕਾਹਦਾ ਮਾਣ 'ਮਕਸੂਦਪੁਰੀ'
ਭੱਜੀਆਂ ਬਾਹਵਾਂ, ਉਧਾਰੇ ਸਾਹਵਾਂ ਦਾ।


-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234


* * * * *

## ਇੱਕ ਅ.ਗ਼ਜ਼ਲ/ਇੱਕ ਲੱਪ ਸੁਰਮੇ ਦੀ

ਰਤਨ ਟਾਹਲਵੀ



ਢਾਈ ਲੱਖ ਦਾ ਲਹਿੰਦਾ ਪਾ ਕੇ, ਸਭ ਦੀ ਨਜ਼ਰ ਚੜ੍ਹ ਗਈ।
ਤੂੰ ਇੱਕ ਲੱਖ ਸੁਰਮੇ ਦੀ ਪਾ ਕੇ ਮੋੜ 'ਤੇ ਖੜ੍ਹ ਗਈ।

ਤੂੰ ਮੱਥੇ ’ਤੇ ਚੰਨ ਖ਼ੁਦਵਾਏ ਲੰਮੇ-ਲੰਮੇ ਵਾਲ ਵਧਾਏ।
ਸਾਰੇ ਮੁੰਡੇ ਮਾਰ ਮੁਕਾਏ, ਸਾਨੂੰ ਵੀ ਕੁਝ ਸਮਝ ਨਾ ਆਏ।
ਤੇਰੀ ਤੱਕਣੀ ਕੁੜੀਏ ਨੀ ਖਵਰੇ ਕੀ ਜਾਦੂ ਕਰ ਗਈ।
ਤੂੰ ਇੱਕ ਲੱਪ ਸੁਰਮੇ ਦੀ, ਪਾ ਕੇ ਮੋੜ ’ਤੇ ਖੜ੍ਹ ਗਈ।

ਛੱਡ ਕੇ ਤੈਨੂੰ ਕਿੱਥੇ ਜਾਈਏ, ਜ਼ੁਲਫ਼ਾਂ ਦੇ ਵਿਚ ਘਰ ਬਣਾਈਏ।
ਸਾਡੀ ਗੱਲ ਨੂੰ ਸਮਝ ਰਤਾ ਤੂੰ, ਤਾਹੀਏਂ ਤੇਰੇ ਨੇੜੇ ਆਈਏ।
ਤੂੰ ਤਾਂ ਦਾਰੂ ਬਣ ਕੇ ਕੁੜੀਏ ਸਿਰ ਮੇਰੇ ’ਤੇ ਚੜ੍ਹ ਗਈ।
ਤੂੰ ਇੱਕ ਲੱਪ ਸੁਰਮੇ ਦੀ ਪਾ ਕੇ ਮੋੜ ’ਤੇ ਖੜ੍ਹ ਗਈ।

ਆਈ ਸੈਡ ਤੂੰ ਮੈਚਿੰਗ ਲਾਵੇਂ ਭੋਲੀਆਂ ਅੱਖੀਆਂ ਹੋਰ ਸਜਾਵੇਂ।
ਟਾਹਲੀ ਵਾਲਾ ਤਾਂ ਪਹਿਲਾਂ ਝੱਲਾਂ ਰਤਨ ਵਰਿੰਦਰ ਕਿਉਂ ਭਰਮਾਵੇਂ।
ਸਾਰੇ ਤੈਨੂੰ ਪਾਉਣ ਲਈ ਮਰਦੇ, ਤੂੰ ਸਾਡੇ ’ਤੇ ਮਰ ਗਈ।
ਤੂੰ ਇੱਕ ਲੱਪ ਸੁਰਮੇ ਦੀ ਪਾ ਕੇ ਮੋੜ ’ਤੇ ਖੜ੍ਹ ਗਈ।

* * * * *

## ਕਵਿਤਾ/ ਚਾਹੁੰਦਾ ਹਾਂ

ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਇਹਨਾਂ ਊਬੜ ਖੂਬੜ ਰਾਹਾਂ ਤੋਂ,
ਇਹਨਾਂ ਜ਼ਹਿਰੀ ਸਭ ਫਿਜ਼ਾਵਾਂ ਤੋਂ,
ਝੂਠੇ ਲੋਕਾਂ ਦੇ ਨਕਲੀ ਚਾਵਾਂ ਤੋਂ,
ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਸਭ ਝੂਠੇ ਕਲਾਵੇ ਬਾਹਵਾਂ ਤੋਂ।

ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਸਭ ਨਕਲੀ ਇਹਨਾਂ ਨਾਤਿਆਂ ਤੋਂ,
ਸਭ ਮਾਮੇ ਤਾਏ ਤੇ ਚਾਚਿਆਂ ਤੋਂ,
ਰੁੱਸਣ ਮਨਾਉਣ ਦੇ ਸਭ ਸਿਆਪਿਆਂ ਤੋਂ,
ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਝੂਠੇ ਰੋਣੇ ਤੇ ਨਕਲੀ ਹਾਸਿਆਂ ਤੋਂ।

ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਝੂਠੇ ਕੀਤੇ ਜਾਂਦੇ ਸਤਿਕਾਰਾਂ ਤੋਂ,
ਮਨ ਵਿੱਚ ਰੱਖੀਆਂ ਖਾਰਾਂ ਤੋਂ,
ਚੁੱਪਚਾਪ ਪੈਂਦੀਆਂ ਮਾਰਾਂ ਤੋਂ,
ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਸਭ ਫਰਜ਼ੀ ਦੋਸਤ ਯਾਰਾਂ ਤੋਂ।

ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਬੇਈਮਾਨੀ ਦੀ ਰੋਟੀ ਖਾਣਿਆਂ ਤੋਂ,
ਰਿਸ਼ਵਤ ਲੈ ਕੇ ਮਹਿਲ ਬਣਾਣਿਆਂ ਤੋਂ,
ਭੇਖੀ ਪਹਿਨੇ ਬਾਣਿਆਂ ਤੋਂ,
ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਮੈਂ ਮੈਂ ਦਾ ਢੋਲ ਵਜਾਣਿਆਂ ਤੋਂ।

ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਸਭ ਝੂਠੇ ਪਿਆਰ ਦੇ ਲਾਰਿਆਂ ਤੋਂ,
ਵਹਿੰਦੇ ਅੱਥਰੂ ਖਾਰਿਆਂ ਤੋਂ,
ਦੰਭੀ ਪਿਆਰ ਦੇ ਨਾਹਰਿਆਂ ਤੋਂ,
ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਝੂਠੇ ਵਾਅਦੇ ਯਰਾਨੇ ਸਾਰਿਆਂ ਤੋਂ।


ਮੈਂ ਦੂਰ ਚਲਾ ਜਾਣਾ ਚਾਹੁੰਦਾ ਹਾਂ,
ਸਭ ਅਹੁਦੇ ਤੇ ਸਰਦਾਰੀਆਂ ਤੋਂ,
ਵੱਜਦੇ ਸਲੂਟ ਤੇ ਖੁਲ੍ਹਦੀਆਂ ਬਾਰੀਆਂ ਤੋਂ,
ਸਵਾਗਤ ’ਚ ਵੱਜਦੀਆਂ ਤਾੜੀਆਂ ਤੋਂ,
ਸੁਖਵਿੰਦਰ ਦੂਰ ਚਲਾ ਜਾਣਾ ਚਾਹੁੰਦਾ ਹੈ,
ਖੁੱਲ੍ਹ ਕੇ ਵੀ ਬੰਦ ਪਏ ਬੂਹੇ ਬਾਰੀਆਂ ਤੋਂ।



**ਸੁਖਵਿੰਦਰ ਸਿੰਘ ‘ਜਲਾਲਪੁਰੀ’**
**ਇੰਸਪੈਕਟਰ ਸੀ.ਬੀ.ਆਈ.,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**

**ਚੰਗੇ ਲੋਕਾਂ ਦਾ ਰੱਬ ਇਮਤਿਹਾਨ ਬਹੁਤ ਲੈਂਦਾ ਹੈ, ਪਰ ਸਾਥ ਨਹੀਂ ਛੱਡਦਾ। ਬੁਰੇ ਲੋਕਾਂ ਨੂੰ ਬਹੁਤ ਕੁਝ ਦੇ ਵੀ ਦਿੰਦਾ ਹੈ ਪਰ ਸਾਥ ਨਹੀਂ ਦਿੰਦਾ।**

# The Earth



In last issue, we have gone through the inner, outer parts of earth and as well as their further divisions. Let us see that how the outer part of the earth is divided and given the name of landforms. Now further we can see the classifications of the land form. There are four major landforms such as mountains, which are on 12% of the total global surface area, hills are 14%, plateau is 33% and the fourth one is plain which is 41% of the total global surface area.

Now if we take one by one mountains, which are based on their mode of formation, four main types of mountains can be distinguished as Fold mountains, Block mountains, Volcanic mountains and Residual mountains, Fold mountains, formed due to the compressive forces generated by endogenetic forces (earthquake, land slide etc.) examples of fold mountains : Himalayas, Alps, Andes, Rockies, Atlas etc. on the basis of age, fold mountains are grouped into two parts (i) young new fold mountains (ii) old fold mountains.

The young/new fold mountains came into existence after the continental drift e.g. Himalayas are regarded as the youngest mountains in the world. And the old fold mountains belongs to pre-drift era, then subject to denudation (In geology, denudation involves the processes that cause the wearing away of the earth's surface by moving water, by ice, by wind and by waves, leading to a reduction in elevation and in relief of landforms and of landscape.) and uplift, e.g. Pennines (Europe), Appalachians (U.S.), Aravallis (India) etc. Next comes Block mountains, which formed when great block of earth's crust may be raised or lowered due to tectonix (Relating to the structure of the surface of the earth and the way it is formed, changed and moved by forces inside it.) activities. The land between the two paralled faults either rises forming block mountains or horsts or subsides into depression termed as rift valleyor graben. Example of block mountains are vindhyan and satpura in India, the vasges in France and Black forest in Germany (through which Rhine river flows).

Next is volcanic mountains, which are formed due to accumulation of volcanic material. It is also called us mountains of Accumulation. Examples for this, Mt Fuji (Japan), cotopaxi in Andes, Vesuvius and Etna is Italy. Mt Mayon (Philippines) etc. Last one comes Residual mountains which are formed as a result of erosion of plateaus and high planes by various agents of erosion. Examples for this : catskill mountains of New York, Sierras of spain, Highland of scotland and Nilgiri, Parasnath, Girnar, Deccan Plateau and Rajmahal of India.

**Er. Parminderjit Singh, 99153-57524**



# MATRIMONIAL



**LUBANA SIKH BOY DEC'92, 5.11FT BE (ECE), MBA (POWER MANAGEMENT) SR. MANAGER @ DELHI NCR. "REQUIRED B.E. / B TECH, M TECH MCA MBA M.SC. M.COM. QUALIFIED GIRL "NO DOWRY SIMPLE SOCIAL CEREMONIES" CASTE NO BAR. DIAL 9417145424, 9878373538.**

* * * * *

**Wanted Suitable Match for USA born Lubana Sikh Electrical Engg. UC Irvine boy 5'11", born August 5, 1997, Maintenance Engg. at Boeing (USA). Father Employed, Mother Home Maker, Elder Sister Married and residing in callifornia, Two Youger Brother also Software Engg. Family homes at Mohali and Callifornia. Contact No. 98761-20993.**

* * * * *

**Wanted Suitable Match for MBBS, MD (Radiation Oncology) Ramdassia Girl 92 Born, 5'3" Working as Doctor in PCMS, Elder Brother Govt. Teacher. Caste No Bar. Early Simple Marriage. Contact No. 70095-33985**

* * * * *

**Seeking a suitable alliance for our daughter, age 26 year-old, 5'7" tall, talented and graceful doctor, currently in her 2nd year of residency at the prestigious Cleveland Clinic, USA. She is well-educated, compassionate, and upholds family values. We are looking for a professionally qualified doctor match in the USA, preferably settled and with similar cultural and educational background. Interested familied may kindly contact : In India Swarn Kaur 872-900-6037, Canada : Lt. Col. Gurvinder Singh 403- 307-7521**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਸਤੰਬਰ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ. ਰਵਿੰਦਰ ਸਿੰਘ, ਸਕੱਤਰ<br>ਮ.ਨੰ. 2092, ਸੈਕਟਰ-45ਸੀ, ਚੰਡੀਗੜ੍ਹ। | 617 | 200/- | 16.09.2025 |
| 2. | ਸ. ਅਮਰਜੀਤ ਸਿੰਘ ਮੁਲਤਾਨੀ<br>ਮ.ਨੰ. 42, ਸੈਕਟਰ-16ਏ, ਚੰਡੀਗੜ੍ਹ। | 618 | 500/- | 16.09.2025 |
| 3. | ਸ. ਦਰਬਾਰਾ ਸਿੰਘ<br>ਮ.ਨੰ. 130, ਸੈਕਟਰ-46ਏ, ਚੰਡੀਗੜ੍ਹ। | 619 | 200/- | 16.09.2025 |
| 4. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.)<br>ਮੈਂਟੀਨੈਂਸ ਸਕੱਤਰ, 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 620 | 200/- | 16.09.2025 |
| 5. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਸੀਨੀ. ਵਾਇਸ ਪ੍ਰਧਾਨ (ਹੈ.ਕੁ.), ਮ.ਨੰ. 3405, ਸੈਕਟਰ-40ਡੀ, ਚੰਡੀਗੜ੍ਹ। | 621 | 200/- | 16.09.2025 |
| 6. | ਸ. ਪ੍ਰਭਜੋਤ ਸਿੰਘ<br>ਮ.ਨੰ. 55, ਬਹਿਲਾਨਾ ਏਅਰਪੋਰਟ, ਚੰਡੀਗੜ੍ਹ। | 622 | 500/- | 16.09.2025 |
| 7. | ਸ. ਜਗੀਰ ਸਿੰਘ<br>ਮ.ਨੰ. 2258/2, ਸੈਕਟਰ-45ਸੀ, ਚੰਡੀਗੜ੍ਹ। | 623 | 200/- | 16.09.2025 |
| 8. | ਸ਼੍ਰੀ ਵਿੱਕੀ<br>ਮ.ਨੰ. 55, ਬਹਿਲਾਨਾ ਏਅਰਪੋਰਟ, ਚੰਡੀਗੜ੍ਹ। | 624 | 251/- | 16.09.2025 |
| 9. | ਸ: ਸੁਖਵਿੰਦਰ ਸਿੰਘ<br>ਇੰਸਪੈਕਟਰ ਸੀ.ਬੀ.ਆਈ. ਜਲਾਲਪੁਰ। | 625 | 500/- | 16.09.2025 |
| 10. | ਸ. ਹਰਦਿਆਲ ਸਿੰਘ ਘੋਤੜਾ<br>ਮ.ਨੰ. 11, ਸੰਗਮ ਐਨਕਲੇਵ, ਸੈਕਟਰ-48ਏ, ਚੰਡੀਗੜ੍ਹ। | 626 | 200/- | 16.09.2025 |
| 11. | ਸ. ਹਰਮਨਪ੍ਰੀਤ ਸਿੰਘ ਮੁਲਤਾਨੀ<br>ਜਨਰਲ ਸਕੱਤਰ, ਮ.ਨੰ: 265, ਵਾਰਡ ਨੰ.17,<br>ਸ਼ਾਸਤਰੀ ਕਲੋਨੀ, ਪਿਹੋਵਾ, ਹਰਿਆਣਾ। | 627 | 1000/- | 16.09.2025 |
| 12. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮ.ਨੰ: 541, ਫ਼ੇਸ-3ਏ, ਮੋਹਾਲੀ। | 628 | 200/- | 16.09.2025 |
| 13. | ਬੀਬੀ ਨਰਿੰਦਰ ਕੌਰ<br>ਮ.ਨੰ. 326/2, ਸੈਕਟਰ-38ਏ, ਚੰਡੀਗੜ੍ਹ। (ਆਨਲਾਈਨ ਪ੍ਰਾਪਤ ਕੀਤੇ।) | 629 | 200/- | 16.09.2025 |

| | | | | |
|---|---|---|---|---|
| 14. | ਸ. ਹਰਬੰਸ ਸਿੰਘ<br>ਮ. ਨੰ. 3701, ਸੈਕਟਰ-46ਸੀ, ਚੰਡੀਗੜ੍ਹ। | 630 | 500/- | 16.09.2025 |
| 15. | ਸ. ਬਲਵਿੰਦਰ ਸਿੰਘ ਮੁਲਤਾਨੀ<br>541, ਫ਼ੇਸ-3, ਮੋਹਾਲੀ। | 631 | 1100/- | 20.09.2025 |
| 16. | ਸ਼੍ਰੀਮਤੀ ਹਰਪ੍ਰੀਤ ਕੌਰ ਪਾਲਿਆ<br>ਸੈਕਟਰ-38, ਚੰਡੀਗੜ੍ਹ। | 632 | 1100/- | 20.09.2025 |
| 17. | ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ<br>ਮ. ਨੰ: 187, ਹਰਦਿਆਲ ਨਗਰ, ਜਲੰਧਰ।(ਆਨਲਾਈਨ ਪ੍ਰਾਪਤ ਕੀਤੇ।) | 633 | 1000/- | 27.09.2025 |
| 18. | ਸ. ਅਵਤਾਰ ਸਿੰਘ, ਡੀ.ਐਸ.ਪੀ. (ਰਿਟਾ.)<br>ਮ.ਨੰ:17, ਰਮਨੀਕ ਨਗਰ, ਮਾਡਲ ਟਾਊਨ, ਜਲੰਧਰ। | 634 | 500/- | 27.09.2025 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀਂ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

● ● ●

**ਹਜ਼ਾਰਾਂ ਹੱਥਾਂ ਦੀਆਂ ਤਾੜੀਆਂ ਮਾਇਨੇ ਨਹੀਂ ਰੱਖਦੀਆਂ, ਮਾਇਨੇ ਰੱਖਦਾ ਹੈ ਉਹ ਹੱਥ ਜੋ ਮੁਸੀਬਤ ਵੇਲੇ ਤੁਹਾਡੇ ਮੋਢੇ 'ਤੇ ਹੁੰਦਾ ਹੈ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

***Facilities Available for All Types of Functions at reasonable rates***

| | |
|---|---|
| *Double Bed A.C Rooms* | *Dormitory A.C Rooms<br>Four Single Bed* |
| *Main Hall, A.C<br>Capacity 400 Persons* | *Mini Hall, A.C<br>Capacity 150-200 Persons* |
| *Main Auditorium, A.C<br>Capacity 450 Persons* | *Mini Auditorium, A.C<br>Capacity 150 Persons* |
| *Basement Hall<br>350-400 Persons* | *Conference Hall, A.C<br>Capacity 25 Persons* |

**24x7 Catering Service Available**

For Booking Contact :-
98768-11137, 73470-65188

# ਮਿਤੀ 27-09-2025 ਦਿਨ ਸ਼ਨੀਵਾਰ ਕਾਰਜਕਾਰੀ ਕਮੇਟੀ ਦੀ ਮੀਟਿੰਗ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਵਿਖੇ ਹੋਈ